# 25

# ‘‘ਮਨੁੱਖ ਜੋ ਕੁਝ ਬੀਜਦਾ ਹੈ’’

## 2 ਸਮੂਏਲ 11-16; 18

ਸੰਸਾਰ ਦੀ ਬਣਾਵਟ ਵਿਚ ਪਾਏ ਜਾਣ ਵਾਲੇ ਨਿਯਮਾਂ ਵਿੱਚੋਂ ਇਕ ਨਿਯਮ ਗਲਾਤੀਆਂ 6:7, 8 ਵਿਚ ਮਿਲਦਾ ਹੈ:

> ਤੁਸੀਂ ਧੋਖਾ ਨਾ ਖਾਓ, ਪਰਮੇਸ਼ੁਰ ਠੱਠਿਆਂ ਵਿਚ ਨਹੀਂ ਉਡਾਈਦਾ ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ। ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ ਬਿਨਾਸ ਨੂੰ ਵੱਢੇਗਾ ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ।

ਚਾਹੋ ਤਾਂ ਮੰਨ ਲਓ ਕਿ ਜੇ ਬੀਜੋਗੇ ਤਾਂ ਵੱਢੋਗੇ ਵੀ। ਤੁਸੀਂ ਵੈਸਾ ਹੀ ਕੱਟੋਗੇ, ਸਗੋਂ ਜਿੰਨਾ ਬੀਜਿਆ ਹੈ ਉਸ ਤੋਂ ਬਹੁਤਾ ਹੀ ਕੱਟੋਗੇ। ਬੀਜਣ ਅਤੇ ਕੱਟਣ ਦੇ ਇਹੀ ਨਿਯਮ ਹਨ, ਅਤੇ ਇਕ ਵਾਰ ਬੀਜ ਲਿਆ, ਤਾਂ ਇਸ ਪ੍ਰਕਿਰਿਆ ਨੂੰ ਰੋਕਣ ਦਾ ਸਾਡੇ ਕੋਲ ਕੋਈ ਤਰੀਕਾ ਨਹੀਂ ਹੈ। ਇਹੀ ਨਿਯਮ ਹੈ। ‘‘ਮਨੁੱਖ ਜੋ ਕੁਝ ਬੀਜਦਾ ਹੈ, ਉਹੀ ਵੱਢੇਗਾ ਵੀ।’’ ਜਿਵੇਂ ਇਕ ਲੇਖਕ ਨੇ ਕਿਹਾ ਹੈ, ‘‘ਮਾਫ਼ੀ ਦੇ ਬਾਵਜੂਦ।’’

ਕਈ ਵਾਰ ਅਸੀਂ ਆਪਣੇ ਬੱਚਿਆਂ ਉੱਤੇ ਇਹ ਪ੍ਰਭਾਵ ਛੱਡਦੇ ਹਾਂ ਕਿ ‘‘ਸੌਰੀ’’ ਕਹਿ ਦੇਣ ਨਾਲ ਸਭ ਕੁਝ ਠੀਕ ਹੋ ਜਾਂਦਾ ਹੈ। ਜਾਂ, ਵੱਡੇ ਹੋ ਕੇ ਖ਼ੁਦਾ ਨੂੰ ‘‘ਸੌਰੀ’’ ਕਹਿ ਦੇਣ ਅਤੇ ਉਹ ਉਨ੍ਹਾਂ ਦੇ ਪਾਪ ਨੂੰ ਇਵੇਂ ਭੁੱਲ ਜਾਵੇਗਾ ਜਿਵੇਂ ਉਨ੍ਹਾਂ ਨੇ ਕਦੇ ਪਾਪ ਕੀਤਾ ਹੀ ਨਾ ਹੋਵੇ। ਜਾਂ, ਜੇ ਇਹ ‘‘ਸਚਮੁਚ ਕੋਈ ਪਾਪ ਬੁਰਾ’’ ਹੈ ਤਾਂ ਉਹ ਪ੍ਰਚਾਰਕ ਦੇ ਕਹਿਣ ਤੇ ਕਲੀਸੀਆ ਦੇ ਸਾਹਮਣੇ ‘‘ਸੌਰੀ’’ ਕਹਿ ਦੇਣ ਤਾਂ ਕਿਸੇ ਪਛਤਾਵੇ ਦੀ ਲੋੜ ਨਹੀਂ ਹੈ। ਅਸੀਂ ਆਪਣੇ ਬੱਚਿਆਂ ਨੂੰ ਇਹ ਸਿਖਾਉਣ ਵਿਚ ਨਾਕਾਮ ਰਹਿੰਦੇ ਹਾਂ ਕਿ ਅਗਰ ਤੁਸੀਂ ਪਾਪ ਕਰਦੇ ਹੋ ਤਾਂ ਮਾਫ਼ੀ ਮਿਲਣ ਦੇ ਬਾਵਜੂਦ ਉਸ ਦੇ ਨਤੀਜੇ ਤੋਂ ਬਚ ਨਹੀਂ ਸਕਦੇ। ਤੁਸੀਂ ਰਾਤ ਨੂੰ ਸੌਂ ਨਹੀਂ ਸਕੋਗੇ। ਲੋਕ ਤੁਹਾਡੇ ਉੱਤੇ ਭਰੋਸਾ ਨਹੀਂ ਕਰਨਗੇ। ਉਸ ਦੀ ਵਾਢੀ ਵੱਢਣੀ ਪਵੇਗੀ।

ਮੇਰੇ ਦਫ਼ਤਰ ਵਿਚ ਅਕਸਰ ਲੋਕ ਮਿਲਦੇ ਹਨ, ਜੋ ਕਹਿੰਦੇ ਹਨ, ‘‘ਇਹ ਚੰਗਾ ਨਹੀਂ ਹੈ! ਮੈਂ ਆਪਣੇ ਪਤੀ (ਜਾਂ ਪਤਨੀ) ਨੂੰ ਸੌਰੀ ਕਹਿ ਦਿੱਤਾ। ਉਸ ਦੇ ਬਾਜਵੂਦ ਉਹ ਮੇਰੇ ਉੱਤੇ ਭਰੋਸਾ ਨਹੀਂ ਕਰਦਾ (ਜਾਂ ਕਰਦੀ)!’’ ਜਾਂ ‘‘ਮੈਂ ਆਪਣੇ ਪਾਪ ਮੰਨ ਕੇ ਕਲੀਸੀਆ ਨੂੰ ਦੁਆ ਕਰਨ ਲਈ ਵੀ ਕਿਹਾ। ਫਿਰ ਵੀ ਕੁਝ ਲੋਕ ਕਬੂਲ ਨਹੀਂ ਕਰਦੇ। ਇਹ ਚੰਗੀ ਗੱਲ ਨਹੀਂ ਹੈ!’’ ਬਾਰ ਬਾਰ ਮੈਂ ਉਨ੍ਹਾਂ ਨੂੰ ਯਾਦ ਦੁਆਉਂਦਾ ਹਾਂ ਕਿ ਮਾਫ਼ੀ ਦੇ ਬਾਵਜੂਦ, ‘‘ਮਨੁੱਖ ਜੋ ਬੀਜਦਾ ਹੈ, ਉਹੀ ਵੱਢੇਗਾ ਵੀ।’’

ਅਗਰ ਤੁਹਾਡੀ ਕਿਸੇ ਦੋਸਤ ਨਾਲ ਐਨੀ ਜ਼ਬਰਦਸਤ ਲੜਾਈ ਹੋਈ ਹੋਵੇ ਜਿਸ ਵਿਚ ਤੁਹਾਡੀ ਬਾਂਹ ਟੁੱਟ ਗਈ ਤਾਂ ਉਸ ਨਾਲ ਸੁਲਾਹ ਕਰਨ ਦੇ ਬਾਵਜੂਦ, ਤੁਹਾਡੀ ਬਾਂਹ ਤਾਂ ਟੁੱਟੀ ਮੰਨੀ ਜਾਵੇਗੀ। ਤੁਹਾਨੂੰ ਉਸ ਨੂੰ ਬੰਨ੍ਹਵਾ ਕੇ ਜਾਂ ਪਲਸਤਰ ਕਰਵਾ ਕੇ ਸਲਿੰਗ ਤਾਂ ਪਾਉਣੀ ਹੀ ਪਵੇਗੀ।

ਦਾਊਦ ਦੀ ਜ਼ਿੰਦਗੀ ਨਾਲੋਂ ਵਧੀਆ ਮਿਸਾਲ ਨਹੀਂ ਹੋ ਸਕਦੀ। ਪਿਛਲੇ ਪਾਠ ਵਿਚ ਅਸੀਂ ਬੀਜਣ ਉੱਤੇ ਜ਼ੋਰ ਦਿੱਤਾ ਸੀ ਜਿਸ ਵਿਚ ਦਾਊਦ ਨੇ ਬਥਸ਼ਬਾ ਨਾਲ ਵਿਭਚਾਰ ਕੀਤਾ, ਕਪਟੀ ਵਾਲਾ

ਕੰਮ ਕੀਤਾ, ਬਥਸ਼ਬਾ ਦੇ ਪਤੀ ਨੂੰ ਮਰਵਾਇਆ। ਇਸ ਅਧਿਆਇ ਵਿਚ ਅਗਲੇ ਸਾਲਾਂ ਵਿਚ ਉਸ ਦੀ ਹੋਣ ਵਾਲੀ ਵਾਢੀ ਉੱਤੇ ਜ਼ੋਰ ਦਿੱਤਾ ਜਾਵੇਗਾ।

## ''ਮਨੁੱਖ ਜੋ ਕੁਝ ਬੀਜਦਾ ਹੈ'' (2 ਸਮੂਏਲ 11; 12)

ਆਓ ਥੋੜ੍ਹਾ ਪਿਛੋਕੜ ਬਾਰੇ ਕੁਝ ਵਿਚਾਰ ਕਰਦੇ ਹਾਂ; ਫਿਰ ਅਸੀਂ ਦਾਊਦ ਦੀ ਭਿਆਨਕ ਵਾਢੀ ਦੀ ਕਹਾਣੀ ਵੱਲ ਵਧਾਂਗੇ।

ਆਓ 2 ਸਮੂਏਲ 3 ਅਧਿਆਇ ਵੱਲ ਚੱਲਦੇ ਹਾਂ। 2 ਸਮੂਏਲ 3 ਅਧਿਆਇ ਦੇ ਸਮੇਂ ਦਾਊਦ ਸਿਰਫ਼ ਯਹੂਦਾ ਦੇ ਕਬੀਲੇ ਉੱਤੇ ਰਾਜ ਕਰ ਰਿਹਾ ਸੀ। ਹੈਬਰੋਨ ਉਸ ਦੀ ਰਾਜਧਾਨੀ ਸੀ। ਆਇਤ 2 ਵਿਚ ਅਸੀਂ ਪੜ੍ਹਦੇ ਹਾਂ, ''ਹੈਬਰੋਨ ਵਿਚ ਦਾਊਦ ਦੇ ਪੁੱਤਰ ਜਣੇ ਸੋ ਉਹਦੇ ਪਲੋਠੇ ਪੁੱਤਰ ਦਾ ਨਾਂ ਜੋ ਯਿਜ਼ਰੇਲਣ ਅਹੀਨੋਅਮ ਦੇ ਢਿੱਡੋਂ ਸੀ, ਅਮਨੋਨ ਸੀ।'' ਅਹੀਨੋਅਮ ਦਾਊਦ ਦੀ ਦੂਜੀ ਪਤਨੀ ਸੀ (ਪਹਿਲੀ ਪਤਨੀ, ਮੀਕਲ ਦੀ ਕੋਈ ਔਲਾਦ ਨਹੀਂ ਸੀ)। ਆਇਤ 3 ਵਿਚ ਅਸੀਂ ਪੜ੍ਹਦੇ ਹਾਂ, ''ਅਤੇ ਦੂਜੇ ਦਾ ਨਾਂਅ ਜੋ ਕਰਮਲੀ ਨਾਬਾਲ ਦੀ ਤੀਵੀਂ ਅਬੀਗੈਲ ਦੇ ਢਿੱਡੋਂ ਹੋਇਆ ਕਿਲਆਬ ਸੀ।'' ਅਬੀਗੈਲ ਦਾਊਦ ਦੀ ਤੀਜੀ ਪਤਨੀ ਸੀ (ਤੁਹਾਨੂੰ ਉਹ ਨਾਬਾਲ ਭਾਵ ਮੂਰਖ ਦੀ ਬੁੱਧਵਾਨ ਪਤਨੀ ਦੇ ਰੂਪ ਵਿਚ ਯਾਦ ਰਹੇਗੀ)। ਆਇਤ 3 ਜਾਰੀ ਰਹਿੰਦੀ ਹੈ, ''ਤੀਜੇ ਦਾ ਜੋ ਗਸ਼ੂਰ ਦੇ ਰਾਜੇ ਤਲਮਈ ਦੀ ਧੀ ਮਆਕਾਹ ਦੇ ਢਿੱਡੋਂ ਸੀ ਅਬਸ਼ਾਲੋਮ ਸੀ।'' ਆਇਤ ਦੇ ਇਸ ਭਾਗ ਵਿਚ ਹੋਰ ਪਤਨੀ ਮਆਕਾਹ ਦਾ ਜ਼ਿਕਰ ਹੈ, ਜੋ ਸੀਰੀਆ ਵਿਚ ਗਸ਼ੂਰ ਦੀ ਇਕ ਕਾਫ਼ਰ ਰਾਜਕੁਮਾਰੀ ਸੀ। ਉਸ ਦੇ ਪਿਤਾ ਤਲਮਈ ਵੱਲ ਧਿਆਨ ਦਿਓ; ਉਸ ਦੇ ਬਾਰੇ ਵਿਚ ਅੱਗੇ ਗੱਲ ਕਰਾਂਗੇ। 4 ਅਤੇ 5 ਆਇਤਾਂ ਵਿਚ ਅਸੀਂ ਤਿੰਨ ਹੋਰ ਬੇਟਿਆਂ ਬਾਰੇ ਪੜ੍ਹਦੇ ਹਾਂ, ਜਿਹੜੇ ਵੱਖੋ ਵੱਖ ਪਤਨੀਆਂ ਤੋਂ ਹੋਏ ਸਨ! ਦਾਊਦ ਵਿਆਹ ਕਰੀ ਜਾ ਰਿਹੇ ੀ ਅਤੇ ਬੱਚੇ ਪੈਦਾ ਹੋਈ ਜਾ ਰਹੇ ਸਨ। ਅਜੇ ਅਸੀਂ, ਦੋ ਬੇਟਿਆਂ ਤੇ ਧਿਆਨ ਦਿੰਦੇ ਹਾਂ ਜਿਨ੍ਹਾਂ ਵਿਚ ਸਭ ਤੋਂ ਵੱਡਾ ਬੇਟਾ ਅਮਨੋਨ (ਆਇਤ 2), ਅਤੇ ਤੀਜਾ ਬੇਟਾ ਅਬਸ਼ਾਲੋਮ (ਆਇਤ 3) ਸੀ।

ਇਹ ਪਾਠ ਇਨ੍ਹਾਂ ਵਿੱਚੋਂ ਦੂਜੇ, ਭਾਵ ਅਬਸ਼ਾਲੋਮ ਤੇ ਕੇਂਦ੍ਰਿਤ ਹੋਵੇਗਾ, ਇਸ ਲਈ ਆਓ ਇਸ ਦਾ ਪਿਛੋਕੜ ਜਾਣਨ ਲਈ 2 ਸਮੂਏਲ 14 ਅਧਿਆਇ ਵਿਚ ਚੱਲਦੇ ਹਾਂ। 25, ਅਤੇ 26 ਆਇਤਾਂ ਬਾਈਬਲ ਵਿਚ ਸ਼ਾਮਲ ਕੀਤੀ ਗਈ ਅਬਸ਼ਾਲੋਮ ਦੀ ਰੰਗੀਨ ਵਿਆਖਿਆ ਹੈ। ਆਇਤ 25 ਕਹਿੰਦੀ ਹੈ, ''ਸਾਰੇ ਇਸਰਾਏਲ ਵਿਚ ਕੋਈ ਮਨੁੱਖ ਵੀ ਅਬਸ਼ਾਲੋਮ ਦੇ ਸਮਾਨ ਸੁਹੱਪਣ ਵਿਚ[1] ਉਸਤਤ ਯੋਗ ਨਹੀਂ ਸੀ ਕਿਉਂ ਜੋ ਉਹ ਦੇ ਪੈਰਾਂ ਦੀ ਤਲੀ ਤੋਂ ਲੈ ਕੇ ਸਿਰ ਦੀ ਚੋਟੀ ਤੀਕਰ ਕੋਈ ਕਾਣ ਨਹੀਂ ਸੀ।'' (ਇੰਜ ਮੈਨੂੰ ਸਿਰਫ਼ ਮੇਰੀ ਮਾਂ ਹੀ ਬੁਲਾਉਂਦੀ ਸੀ!) ਜਦ ਦਾਊਦ ਨੇ ਉਸ ਨੂੰ ਵੇਖਿਆ, ਤਾਂ ਉਸ ਦੇ ਦਿਲ ਦੀ ਧੜਕਣ ਇਹ ਸੋਚ ਕੇ ਕੁਝ ਤੇਜ਼ ਹੋ ਗਈ ਕਿ ''ਯਕੀਨ ਨਹੀਂ ਆਉਂਦਾ ਕਿ ਮੈਂ ਐਨੇ ਸੋਹਣੇ ਅਤੇ ਤਾਕਤਵਰ ਨੌਜਵਾਨ ਨੂੰ ਜਨਮ ਦਿੱਤਾ ਹੈ!''

ਆਇਤ 26 ਕਹਿੰਦੀ ਹੈ, ''ਜਦ *[ਅਬਸ਼ਾਲੋਮ]* ਆਪਣੇ ਸਿਰ ਦੇ ਵਾਲ ਮੁੰਨਦਾ ਸੀ ਕਿਉਂ ਜੋ ਵਰ੍ਹੇ ਦੇ ਛੇਕੜ ਉਹ ਮੁੰਨਦਾ ਹੁੰਦਾ ਸੀ ਉਹ ਵਾਲ ਬਹੁਤ ਭਾਰੇ ਸਨ ਇਸ ਕਰਕੇ ਉਨ੍ਹਾਂ ਨੂੰ ਮੁੰਨਦਾ ਸੀ ਅਤੇ ਆਪਣੇ ਸਿਰ ਦੇ ਵਾਲ ਢਾਈ ਸੇਰ ਬਾਦਸ਼ਾਹੀ ਤੋਲ ਦੇ ਅਨੁਸਾਰ ਤੋਲਦਾ ਸੀ।'' ਢਾਈ ਸੇਰ ਦੇ ਤਕਰੀਬਨ ਤਿੰਨ ਤੋਂ ਪੰਜ ਪੌਂਡ ਹੋਵੇਗਾ। ਤੁਲਨਾ ਵਾਸਤੇ ਵਰਤਣ ਲਈ ਮੈਨੂੰ ਕੋਈ ਅਜਿਹੀ ਚੀਜ਼ ਨਹੀਂ ਮਿਲੀ ਜਿਹੜੀ ਤਿੰਨ ਤੋਂ ਪੰਜ ਪੌਂਡ ਦੇ ਬਰਾਬਰ ਹੋਵੇ, ਪਰ ਮੈਨੂੰ ਦੋ ਪੌਂਡ ਦਾਲ ਦਾ ਇਕ ਪੈਕਟ ਮਿਲਿਆ ਹੈ; ਜੋ ਕਾਫ਼ੀ ਭਾਰਾ ਹੈ।[2] ਮੈਂ ਸਮਝਦਾ ਹਾਂ ਕਿ ਅਬਸ਼ਾਲੋਮ ਆਪਣੇ ਸਾਰੇ ਵਾਲ ਕਿਉਂ ਮੁਨਵਾਉਂਦਾ ਸੀ ਪਰ ਕੀ ਇਹ ਜਾਣਨਾ ਦਿਲਚਸਪ ਨਹੀਂ ਹੈ ਕਿ ਉਹ ਉਨ੍ਹਾਂ ਦਾ ਵਜਨ ਕਰਾਉਂਦਾ ਸੀ?

ਪਿਛਲੀ ਵਾਰ ਜਦ ਤੁਸੀਂ ਵਾਲ ਮੁਨਾਏ ਸਨ ਤਾਂ ਕੀ ਤੁਸੀਂ ਉਨ੍ਹਾਂ ਨੂੰ ਤੋਲਿਆ ਸੀ? ਅਬਸ਼ਾਲੋਮ

ਦੇ ਹੰਕਾਰ ਦਾ ਪਤਾ ਲਗਦਾ ਹੈ। ਉਸ ਨੂੰ ਆਪਣੇ ਸੋਹਣੇ, ਲੰਮੇ, ਸੰਘਣੇ ਕਾਲੇ, ਯਹੂਦੀ ਵਾਲਾਂ ਉੱਤੇ ਘਮੰਡ ਸੀ।

ਉਹ ਸੋਹਣਾ ਨੌਜਵਾਨ ਸੀ! ਮੈਂ ਕਲਪਨਾ ਕਰ ਸਕਦਾ ਹਾਂ ਕਿ ਜਦ ਉਹ ਛੋਟਾ ਸੀ ਤਾਂ ਦਾਊਦ ਜਦ ਉਸਦੇ ਕੋਲ ਦੀ ਹਰ ਵਾਰ, ਰੁਕ ਕੇ ਉਸ ਦੇ ਸਿਰ ਉੱਤੇ ਹੱਥ ਫੇਰਦਾ ਅਤੇ ਆਖਦਾ ਹੋਵੇਗਾ, ''ਤੂੰ ਕਿੰਨਾ ਖ਼ੂਬਸੂਰਤ ਹੈਂ!''

ਆਓ ਕੁਝ ਸਾਲ ਅੱਗੇ ਵਧਦੇ ਹਾਂ। ਹੈਬਰੋਨ ਵਿਚ ਸੱਤ ਸਾਲ ਬਾਅਦ ਦਾਊਦ ਨੇ ਯਰੂਸ਼ਲਮ ਤੇ ਕਬਜ਼ਾ ਕਰ ਕੇ ਇਸ ਨੂੰ ਰਾਜਧਾਨੀ ਬਣਾ ਲਿਆ ਸੀ। 2 ਸਮੂਏਲ 5:13 ਵਿਚ ਅਸੀਂ ਪੜ੍ਹਦੇ ਹਾਂ, ''ਸੋ ਦਾਊਦ ਨੇ ਹਬਰੋਨ ਤੋਂ ਆ ਕੇ ਯਰੂਸ਼ਲਮ ਵਿਚ ਹੋਰ ਸੁਰੀਤਾਂ[3] [ਅਸੀਂ ਉਨ੍ਹਾਂ ਵਿੱਚੋਂ ਘੱਟੋ ਘੱਟ ਦਸਾਂ ਨੂੰ ਜਾਣਦੇ ਹਾਂ[4]] ਅਤੇ ਇਸਤਰੀਆਂ ਵਿਆਹੀਆਂ ਅਤੇ ਦਾਊਦ ਤੋਂ ਪੁੱਤਰ ਧੀਆਂ ਵੀ ਹੋਰ ਜੰਮੇ।'' 14 ਤੋਂ 16 ਆਇਤਾਂ ਵਿਚ ਗਿਆਰਾਂ ਹੋਰ ਪੁੱਤਰਾਂ ਦੇ ਨਾਂਅ ਹਨ। ਦਾਊਦ ਦਾ ਵੰਸ਼ ਰੁੱਖ ਉੱਪਰੋਂ ਭਾਰਾ ਹੋਈ ਜਾ ਰਿਹਾ ਸੀ ਪਰ ਕੁਝ ਫਲ ਖਰਾਬ ਹੋਣ ਲੱਗਾ ਸੀ।

ਪਿਛਲੇ ਪਾਠਾਂ ਵਿਚ ਅਸੀਂ ਬਾਦਸ਼ਾਹ ਦੇ ਰੂਪ ਵਿਚ, ਜੇਤੂ ਸੂਰਮੇ ਦੇ ਰੂਪ ਵਿਚ, ਸਿਆਣੇ ਸਫ਼ੀਰ ਦੇ ਰੂਪ ਵਿਚ ਅਤੇ ਖ਼ੁਦਾ ਦੀ ਬੰਦਗੀ ਕਰਨ ਵਾਲੇ ਦੇ ਰੂਪ ਵਿਚ ਉਸ ਦੇ ਸ਼ੁਰੂਆਤੀ ਦਿਨਾਂ ਵਿਚ ਦਾਊਦ ਦੀ ਕਾਮਯਾਬੀ ਨੂੰ ਵੇਖਿਆ ਹੈ। ਇਕ ਗੱਲ ਜਿਹੜੀ ਅਸਾਂ ਨਹੀਂ ਵੇਖੀ ਉਹ ਦਾਊਦ ਦਾ ਪਰਿਵਾਰਿਕ ਵਿਅਕਤੀ ਹੋਣਾ ਹੈ। ਉਸ ਕੋਲ ਵਿਆਹ ਕਰਨ ਅਤੇ ਬੱਚੇ ਪੈਦਾ ਕਰਨ ਦੀ ਵਿਹਲ ਸੀ ਪਰ ਉਨ੍ਹਾਂ ਨੂੰ ਅਕਾਰ ਦੇਣ ਅਤੇ ਢਾਲਣ ਦਾ ਸਮਾਂ ਨਹੀਂ ਸੀ।

ਅਖ਼ੀਰ ਵਿਚ 2 ਸਮੂਏਲ 11 ਵਿਚ ਦਾਊਦ ਦਾ ਕੁਝ ਵੰਸ਼ ਰੁੱਖ ਬਣ ਚੁੱਕਿਆ ਸੀ। ਪਰ ਉਸ ਸਮੇਂ ਦੀ ਵਰਤੋਂ ਆਪਣੇ ਪਰਿਵਾਰ ਨਾਲ ਕਰਨ ਦੀ ਥਾਂ ਉਸ ਨੇ ਇਧਰ ਉੱਧਰ ਘੁੰਮਣ ਤੇ ਸਮਾਂ ਬਿਤਾਇਆ ਜਿਸ ਵਿਚ ਉਸ ਨੇ ਇਕ ਖ਼ੂਬਸੂਰਤ ਔਰਤ ਨੂੰ ਨਹਾਉਂਦੇ ਵੇਖਿਆ। ਉਸ ਨਾਲ ਵਿਭਚਾਰ ਕਰਨ ਦੇ ਬਾਅਦ ਪਾਪ ਉੱਤੇ ਪਾਪ ਹੁੰਦਾ ਗਿਆ। ਇਹ ਉਸ ਆਦਮੀ ਦੀ ਜ਼ਿੰਦਗੀ ਦੀ ਜਿਸ ਨੇ ਆਪਣੀ ਪੂਰੀ ਜ਼ਿੰਦਗੀ ਖ਼ੁਦਾ ਨੂੰ ਦੇ ਦਿੱਤੀ ਸੀ, ਇਕ ਦੁਪਹਿਰ ਸੀ, ਜਿਹੜੀ ਬੇਲਗਾਮ ਵਾਸਨਾ ਨਾਲ ਭਰੀ ਸੀ। ਭਲਾ ਇਹ ਸਹੀ ਹੈ ਕਿ ''ਮਨੁੱਖ ਜੋ ਬੀਜਦਾ ਹੈ, ਉਹੀ ਕੱਟੇਗਾ ਵੀ?'' ਭਲਾ ਇਹ ਸਹੀ ਹੈ ਕਿ ਉਵੇਂ ਹੀ ਕੱਟਦਾ ਹੈ? ਭਲਾ ਇਹ ਸਹੀ ਹੈ ਕਿ ਉਹ ਉਸ ਤੋਂ ਵੀ ਵੱਧ ਕੱਟਦਾ ਹੈ? ਆਓ ਕਹਾਣੀ ਵਿਚ ਅੱਗੇ ਵੇਖਦੇ ਹਾਂ।

ਪਿਛਲੇ ਪਾਠ ਵਿਚ ਅਸੀਂ ਨਾਟਕੀ ਦ੍ਰਿਸ਼ ਵੇਖਿਆ ਸੀ ਜਿਸ ਨਾਲ ਨਾਥਾਨ ਨਬੀ ਨੇ ਦਾਊਦ ਨੂੰ ਕਿਹਾ ਸੀ, ''ਤੂੰ ਹੀ ਉਹ ਮਨੁੱਖ ਹੈ!'' (2 ਸਮੂਏਲ 12:7)।ਅਸੀਂ ਦਾਊਦ ਦੇ ਪਛਤਾਵੇ ਨੂੰ ਵੇਖਿਆ ਸੀ ਜਦ ਉਹ ਪੁਕਾਰ ਉੱਠਿਆ ਸੀ, ''ਮੈਂ ਯਹੋਵਾਹ ਦਾ ਪਾਪ ਕੀਤਾ'' (2 ਸਮੂਏਲ 12:13)। ਜ਼ਬੂਰ 51 ਵਿਚ ਅਸੀਂ ਦਾਊਦ ਦੀ ਨਿਰਾਸ਼ਾ ਦੀ ਡੂੰਘਿਆਈ ਨੂੰ ਅਤੇ ਜ਼ਬੂਰ 32 ਵਿਚ ਨਾਥਾਨ ਵੱਲੋਂ ਭਰੋਸਾ ਮਿਲਣ ਤੇ ਕਿ ''ਯਹੋਵਾਹ ਨੇ ਵੀ ਤੇਰਾ ਪਾਪ ਬਖ਼ਸ਼ਿਆ ਸੋ ਤੂੰ ਨਾ ਮਰੇਂਗਾ'' (2 ਸਮੂਏਲ 12:13) ਉਸ ਦੇ ਅਨੰਦ ਨੂੰ ਵੇਖਿਆ ਸੀ। ਭਲਾ ਖ਼ੁਦਾ ਦੀ ਕਿਰਪਾ ਨੂੰ ਵੇਖਣਾ ਜ਼ਬਰਦਸਤ ਗੱਲ ਨਹੀਂ ਲੱਗੀ ਭਾਵੇਂ ਪੁਰਾਣੇ ਨੇਮ ਵਿਚ ਹੀ ਹੋਵੇ? ''ਤੂੰ ਨਾ ਮਰੇਂਗਾ। ਤੂੰ ਪੱਥਰਵਾਹ ਕਰ ਕੇ ਮਾਰਿਆ ਨਹੀਂ ਜਾਵੇਂਗਾ, ਜੋ ਕਿ ਸ਼ਰ੍ਹਾ ਦੇ ਅਧੀਨ ਵਿਭਚਾਰ ਅਤੇ ਕਤਲ ਦੀ ਸਜ਼ਾ ਹੈ। ਤੂੰ ਜੀਉਂਦਾ ਰਹੇਂਗਾ!'' ਦਾਊਦ ਦੇ ਮੂੰਹੋਂ ਨਿੱਕਲੇ ਸੱਤ ਸ਼ਬਦ (ਅੰਗ੍ਰੇਜ਼ੀ ਵਿਚ ਛੇ) ''ਮੈਂ ਯਹੋਵਾਹ ਦੇ ਵਿਰੁੱਧ ਪਾਪ ਕੀਤਾ ਹੈ।'' ਇਸ ਨਾਲ ਦਾਊਦ ਨੇ ਮਾਮਲੇ ਨੂੰ ਸੁਲਝਾ ਲਿਆ ਸੀ। ਉਸ ਨੂੰ ਕੋਈ ਪਰੇਸ਼ਾਨੀ ਨਹੀਂ ਸੀ। ਸਭ ਕੁਝ ਪਹਿਲਾਂ ਵਰਗਾ ਹੀ ਸੀ।

ਨਹੀਂ।

ਸਭ ਕੁਝ ਪਹਿਲਾਂ ਵਰਗਾ ਨਹੀਂ ਸੀ।

''ਮਨੁੱਖ ਜੋ ਕੁਝ ਬੀਜਦਾ ਹੈ, ਉਹੀ ਵੱਢੇਗਾ ਵੀ'' ਭਾਵੇਂ ਮਾਫ਼ੀ ਮਿਲ ਵੀ ਜਾਵੇ।

## "ਉਹੀ ਵੱਢੇਗਾ ਵੀ" (2 ਸਮੂਏਲ 12-19)

12:10 ਵਿਚ ਦਾਊਦ ਨੂੰ ਕਹੇ ਨਾਥਾਨ ਦੇ ਸ਼ਬਦ ਵੇਖੋ: ''ਸੋ ਹੁਣ ਤੇਰੇ ਘਰ ਉੱਤੋਂ ਤਲਵਾਰ ਕਦੀ ਨਾ ਹਟੇਗੀ।'' 12:11 ਵਿਚ ਖ਼ਾਸ ਮਿਸਾਲ ਤੇ ਧਿਆਨ ਦਿਓ: ''ਯਹੋਵਾਹ ਐਉਂ ਆਖਦਾ ਹੈ ਭਈ ਵੇਖ ਮੈਂ ਇਕ ਬਦੀ ਨੂੰ ਤੇਰੇ ਆਪਣੇ ਘਰ ਵਿੱਚੋਂ ਹੀ ਤੇਰੇ ਉੱਤੇ ਪਾਵਾਂਗਾ ਅਤੇ ਮੈਂ ਤੇਰੀਆਂ ਪਤਨੀਆਂ ਨੂੰ ਲੈ ਕੇ ਤੇਰੀਆਂ ਅੱਖੀਆਂ ਦੇ ਸਾਹਮਣੇ ਤੇਰੇ ਗੁਆਂਢੀ ਨੂੰ ਦਿਆਂਗਾ ਅਤੇ ਉਹ ਇਸ ਸੂਰਜ ਦੇ ਸਾਹਮਣੇ ਤੇਰੀਆਂ ਪਤਨੀਆਂ ਦੇ ਨਾਲ ਸੰਗ ਕਰੇਗਾ।''

ਮੈਂ ਦਾਊਦ ਦਾ ਜਵਾਬ ਸੁਣ ਹੀ ਸਕਦਾ ਹਾਂ: ''ਹੇ ਪ੍ਰਭੂ ਜਰਾ ਰੁਕਣਾ। ਇਹ ਠੀਕ ਨਹੀਂ ਹੋਵੇਗਾ! ਮੈਨੂੰ ਤਾਂ ਤੁਸੀਂ ਮਾਫ਼ ਕਰ ਦਿੱਤਾ ਹੈ। ਮੈਂ ਜਾਦੂਈ ਸ਼ਬਦ ਕਹੇ ਸਨ। ਮੈਂ ਉਹੀ ਕੀਤਾ ਜੋ ਮੈਨੂੰ ਕਰਨਾ ਚਾਹੀਦਾ ਸੀ। 'ਤਲਵਾਰ ਮੇਰੇ ਘਰ ਤੋਂ ਕਦੀ ਦੂਰ ਨਾ ਹੋਵੇਗੀ' ਤੋਂ ਤੁਹਾਡਾ ਕੀ ਭਾਵ ਹੈ?' ''

''ਇਸ ਦਾ ਮਤਲਬ ਉਹੀ ਹੈ ਜੋ ਮੈਂ ਕਿਹਾ ਹੈ। ਮਨੁੱਖ ਜੋ ਕੁਝ ਬੀਜਦਾ ਹੈ, ਉਹੀ ਵੱਢੇਗਾ ਵੀ, ਮਾਫ਼ੀ ਦੇ ਬਾਵਜੂਦ।''

ਪਾਪ ਦਾ ਦੋਸ਼ ਹਟ ਜਾਣ ਦੇ ਬਾਵਜੂਦ ਉਸ ਦੇ ਨਤੀਜੇ ਰਹਿੰਦੇ ਹੀ ਹਨ। ਭਲਾ ਪਾਪੀ ਅਸੀਂ ਇਸ ਗੱਲ ਨੂੰ ਸਮਝਦੇ ਹਾਂ? ਪਾਪ ਕੋਈ ਮਮੂਲੀ ਗੱਲ ਨਹੀਂ ਹੈ। ਅਸੀਂ ਇਹ ਨਹੀਂ ਕਹਿ ਸਕਦੇ, ''ਫ਼ਿਕਰ ਦੀ ਕੋਈ ਗੱਲ ਨਹੀਂ ਹੈ। ਹੁਣੇ ਵੇਖ ਲੈਂਦੇ ਹਾਂ।'' ਦਾਊਦ ਦੀ ਜ਼ਿੰਦਗੀ ਦੇ ਹਜ਼ਾਰਾਂ ਦਿਨਾਂ ਵਿੱਚੋਂ ਇਕ ਸ਼ਾਮ ਸੀ, ਸਿਰਫ਼ ਇੱਕੋ ਸ਼ਾਮ, ਪਰ ਇਸ ਦੇ ਨਤੀਜੇ ਸਾਲੋਂ ਸਾਲ ਚੱਲਦੇ ਰਹੇ।

12:10 ''ਘਰ'' ਅਤੇ ਆਇਤ 11 ''ਘਰ'' ਸ਼ਬਦ ਤੇ ਧਿਆਨ ਦਿਓ: ''ਤਲਵਾਰ ਤੇਰੇ ਘਰ ਤੋਂ ਕਦੀ ਦੂਰ ਨਾ ਹੋਵੇਗੀ, ... ਮੈਂ ਤੇਰੇ ਘਰ ਵਿੱਚੋਂ ਬਿਪਤਾ ਉਠਾ ਕੇ ਤੇਰੇ ਤੇ ਪਾਵਾਂਗਾ।'' ਘਰ ਤੇ ਹਮਲੇ ਹੁੰਦੇ ਰਹਿੰਦੇ ਹਨ। ਕੁਝ ਤੂਫ਼ਾਨ ਬਾਹਰੋਂ ਆਉਂਦੇ ਹਨ; ਮਜ਼ਬੂਤ ਘਰ ਇਨ੍ਹਾਂ ਤੂਫ਼ਾਨਾਂ ਦਾ ਸਾਹਮਣਾ ਕਰ ਸਕਦਾ ਹੈ। ਘਰ ਦਾ ਨਾਸ ਕਰਨ ਵਾਲੇ ਤੂਫ਼ਾਨ ਅੰਦਰੋਂ ਵੀ ਆਉਂਦੇ ਹਨ। ਦਾਊਦ ਦੇ ਪਾਪ ਦੇ ਕਾਰਣ ਉਸ ਦੇ ਘਰ ਵਿੱਚੋਂ ਉੱਠਣ ਵਾਲੇ ਤੂਫ਼ਾਨ ਨਾਲ ਹੋਣਾ ਸੀ।

ਅਸੀਂ ਪਿਛਲੇ ਪਾਠ ਵਿਚ ਪਹਿਲੇ ਨਤੀਜੇ ਤੇ ਧਿਆਨ ਦਿੱਤਾ ਸੀ, ਜਿਸ ਵਿਚ ਦਾਊਦ ਅਤੇ ਬਥਸ਼ਬਾ ਦੇ ਨਾਪਾਕ ਮਿਲਣ ਤੋਂ ਪੈਦਾ ਹੋਏ ਬੇਟੇ ਦੀ ਦੁਖਦ ਮੌਤ ਹੋ ਗਈ। ਆਓ ਜਾਰੀ ਰਹਿਣ ਵਾਲੇ ਨਤੀਜਿਆਂ ਨੂੰ ਵੇਖਣ ਲਈ 2 ਸਮੂਏਲ 13 ਵਿਚ ਚੱਲਦੇ ਹਾਂ।

### ਜ਼ਬਰਦਸਤੀ (13:1-19)

ਅਧਿਆਇ 13 ਦੇ ਪਹਿਲੇ ਭਾਗ ਵਾਲੀ ਕਹਾਣੀ ਮੈਨੂੰ ਬਾਈਬਲ ਦੀਆਂ ਸਭ ਤੋਂ ਦੁਖਦ ਕਹਾਣੀਆਂ ਵਿੱਚੋਂ ਇਕ ਲਗਦੀ ਹੈ। ਸ਼ਾਇਦ ਇਸ ਲਈ ਕਿ ਮੇਰੀਆਂ ਤਿੰਨ ਬੇਟੀਆਂ ਹਨ। ਅੱਜ ਘਟਨਾਵਾਂ ਦਾ ਪ੍ਰਚਾਰ ਕਰ ਕੇ ਉਨ੍ਹਾਂ ਨੂੰ ਦਸਤਾਵੇਜਾਂ ਦੇ ਰੂਪ ਵਿਚ ਬਣਾ ਕੇ ਅਸਲੀ ਘਟਨਾ ਦੇ ਅਧਾਰ ਤੇ ਬਣੀ ਕਹਾਣੀ ਦੇ ਰੂਪ ਵਿਚ ਟੀ.ਵੀ. ਤੇ ਵੇਖਿਆ ਜਾਂਦਾ ਹੈ। ਇਹ ਪਾਪ ਦੀ ਅਜਿਹੀ ਨਾਪਸੰਦ ਕਹਾਣੀ ਹੈ ਕਿ ਅਸੀਂ ਇਸ ਬਾਰੇ ਸੋਚਣਾ ਤਾਂ ਦੂਰ ਗੱਲ ਵੀ ਕਰਨਾ ਪਸੰਦ ਨਹੀਂ ਕਰਦੇ ਤਾਂ ਵੀ ਸਾਨੂੰ ਪਾਪ ਦੇ ਨਤੀਜਿਆਂ ਬਾਰੇ ਇੱਥੇ ਇਕ ਸਬਕ ਮਿਲਦਾ ਹੈ। ਆਓ ਛੇਤੀ ਨਾਲ ਇਸ ਕਹਾਣੀ ਨੂੰ ਵੇਖਦੇ ਹਾਂ।

ਅਧਿਆਇ ਸ਼ੁਰੂ ਹੁੰਦਾ ਹੈ, ''ਦਾਊਦ ਦੇ ਪੁੱਤਰ ਅਬਸ਼ਾਲੋਮ ਦੀ ਤਾਮਾਰ ਨਾਮੇ ਇਕ ਭੈਣ ਸੋਹਣੀ ਸੀ'' (13:1)। ਅਧਿਆਇ 3 ਦੇ ਬਾਅਦ ਅਬਸ਼ਾਲੋਮ ਬਾਰੇ ਅਸੀਂ ਪਹਿਲੀ ਵਾਰ ਇੱਥੇ ਪੜ੍ਹਦੇ ਹਾਂ। ਤਕਰੀਬਨ ਵੀਹ ਸਾਲ ਬੀਤ ਗਏ ਸਨ। ਦਾਊਦ ਏਨੀ ਦੇਰ ਤੂੰ ਕਿੱਥੇ ਸੀ? ''ਮੈਂ ਫ਼ੌਜ ਨੂੰ ਹੁਕਮ ਦੇ ਰਿਹਾ ਸਾਂ। ਮੈਂ ਸਰਕਾਰੀ ਕੰਮਾਂ ਵਿਚ ਮਸਰੂਫ਼ ਸਾਂ। ਮੈਂ ਵਿਆਹ ਕਰਨ ਅਤੇ ਬੱਚੇ ਪੈਦਾ ਕਰਨ ਵਿਚ

ਲੱਗਾ ਸਾਂ!'' ਦਾਊਦ ਤੂੰ ਉਸ ਪਰਿਵਾਰ ਦੇ ਨਾਲ ਕੀ ਕਰ ਰਿਹਾ ਸੀ? ਆਪਣੇ ਪਰਿਵਾਰ ਨਾਲ ਤੇਰਾ ਸਬੰਧ ਕਿਹੋ ਜਿਹਾ ਹੈ? ਸਾਫ਼ ਤੌਰ ਤੇ ਆਪਣੇ ਪਰਿਵਾਰ ਨਾਲ ਉਸ ਦਾ ਕੋਈ ਸਬੰਧ ਨਹੀਂ ਸੀ।

ਬਥਸ਼ਬਾ ਨਾਲ ਪਾਪ ਕਰਨ ਤੋਂ ਪਹਿਲਾਂ, ਜਦ ਦਾਊਦ ਨੇ ਹੁਕਮ ਦਿੱਤਾ ਸੀ, ਤਾਂ ਉਸ ਨੂੰ ਮੰਨਿਆ ਗਿਆ ਸੀ। ਸਭ ਦੇ ਮਨ ਵਿਚ ਉਸਦੇ ਲਈ ਸਨਮਾਨ ਸੀ। ਹੁਣ ਬਹੁਤ ਹੱਦ ਤਕ ਉਸ ਨੇ ਉਹ ਸਨਮਾਨ ਗੁਆ ਲਿਆ ਸੀ। ਖ਼ਾਸ ਕਰ ਆਪਣੇ ਬੱਚਿਆਂ ਵਿਚ। ਬੱਚਿਆਂ ਲਈ ਉਹ ਇਕ ਪਿਤਾ ਦੇ ਬਜਾਏ ਜਿਸ ਦਾ ਹੁਕਮ ਮੰਨਣਾ ਜ਼ਰੂਰੀ ਸੀ, ਇਕ ਚਾਲਬਾਜ਼ ਬਾਦਸ਼ਾਹ ਸੀ।

''ਦਾਊਦ ਦੇ ਪੁੱਤਰ ਅਬਸ਼ਾਲੋਮ ਦੀ ਤਾਮਾਰ ਨਾਮੇ[5] ਇਕ ਭੈਣ ਸੋਹਣੀ ਸੀ।'' ਦਾਊਦ ਦੇ ਦੂਜੇ ਸਭ ਪੁੱਤਰ ਅਤੇ ਪੁੱਤਰੀਆਂ ਅਬਸ਼ਾਲੋਮ ਦੇ ਮਤਰਏ ਭੈਣ ਭਰਾ ਸਨ। ਤਾਮਾਰ ਨਾਮਕ ਸੁੰਦਰੀ ਅਬਸ਼ਾਲੋਮ ਦੀ ਸਕੀ ਭੈਣ ਸੀ।[6]

ਆਇਤ 1 ਵਿਚ ਅੱਗੇ ਮਿਲਦਾ ਹੈ: ''ਉਹਦੇ ਨਾਲ ਦਾਊਦ ਦੇ ਪੁੱਤਰ ਅਮਨੋਨ ਨੇ ਪਰੀਤ ਲਾ ਲਈ।'' ਅਧਿਆਇ 3 ਦੇ ਬਾਅਦ ਅਮਨੋਨ ਬਾਰੇ ਪਹਿਲੀ ਵਾਰ ਪੜ੍ਹਨ ਨੂੰ ਮਿਲਦਾ ਹੈ। ਯਾਦ ਰੱਖੋ, ਅਮਨੋਨ ਦਾਊਦ ਦਾ ਸਭ ਤੋਂ ਵੱਡਾ ਪੁੱਤਰ ਸੀ, ਉਹ ਤਖ਼ਤ ਤੇ ਬੈਠਣ ਲਈ ਉਸ ਦਾ ਉੱਤਰਾਧਿਕਾਰੀ, ਰਾਜਕੁਮਾਰ ਸੀ। ... ''ਅਮਨੋਨ [ਤਾਮਾਰ ਤੇ] ਮੋਹਿਤ ਹੋਇਆ।'' ਉਹ ''ਮੋਹਿਤ'' ਹੋਣਾ ''ਆ ਜਾ ਪਿਆਰ ਕਰੀਏ'' ਦੇ ਅਰਥ ਵਿਚ ਸੀ।[7] ਅਮਨੋਨ ਆਪਣੀ ਮਤਰਈ ਭੈਣ ਤਾਮਾਰ ਲਈ ਕਾਮ ਦੀ ਅੱਗ ਵਿਚ ਸੜ ਰਿਹਾ ਸੀ। ਉਹ ਉਸ ਨੂੰ ਏਨਾ ਚਾਹੁਣ ਲਗ ਪਿਆ ਕਿ ਉਹ ਬੀਮਾਰ ਪੈ ਗਿਆ, ਪਰ ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਕੀ ਕਰੇ। ਬਾਦਸ਼ਾਹ ਦੀ ਕੁਆਰੀ ਧੀ ਹੋਣ ਕਰਕੇ ਤਾਮਾਰ ਨੂੰ ਤਾਲੇ ਵਿਚ ਬੰਦ ਰੱਖਿਆ ਗਿਆ ਸੀ ਅਤੇ ਤਾਲੇ ਦੀ ਕੁੰਜੀ ਮਹਿਲ ਵਿਚ ਕਿਸੇ ਹੋਰ ਥਾਂ ਰੱਖੀ ਗਈ ਸੀ।[8]

''ਸਿਮਆਹ ਦਾ ਪੁੱਤਰ ਯੋਨਾਦਾਬ ਅਮਨੋਨ ਦਾ ਮਿੱਤਰ ਸੀ''[9] (13:3)। ਅਗਰ ਤੁਸੀਂ ਗਲਤ ਕੰਮ ਕਰਨਾ ਚਾਹੁੰਦੇ ਹੋ ਤਾਂ ਅਜਿਹਾ ''ਦੋਸਤ'' ਲੱਭਣਾ ਔਖਾ ਨਹੀਂ ਹੈ ਜਿਹੜਾ ਤੁਹਾਨੂੰ ਉਹ ਕਰਨ ਲਈ ਉਤਸਾਹਿਤ ਕਰੇ, ਅਤੇ ਸ਼ਾਇਦ ਤੁਹਾਨੂੰ ਇਹ ਵੀ ਦੱਸ ਦਏ ਕਿ ਕਿਵੇਂ ਕਰਨਾ ਹੈ।[10] ਯੋਨਾਦਾਬ ਨੇ ਅਮਨੋਨ ਨੂੰ ਕਿਹਾ, ''ਤੂੰ ਪਾਤਸ਼ਾਹ ਦਾ ਪੁੱਤਰ ਹੋ ਕੇ ਦਿਨੋਂ ਦਿਨ ਲਿੱਸਾ ਕਿਉਂ ਹੁੰਦਾ ਜਾਂਦਾ ਹੈ?'' (13:4)। ਦੂਜੇ ਸ਼ਬਦਾਂ ਵਿਚ ''ਬਾਦਸ਼ਾਹ ਦਾ ਵਾਰਸ ਰਾਜਮੁਕਾਰ ਹੋਣ ਤੇ ਵੀ ਤੂੰ ਖੁਸ਼ ਕਿਉਂ ਨਹੀਂ ਹੈਂ? ਖੁਸ਼ ਹੋਣ ਲਈ ਤੈਨੂੰ ਕੀ ਚਾਹੀਦਾ ਹੈ? ਮੈਂ ਦੱਸਦਾ ਹਾਂ ਕਿ ਤੂੰ ਉਸ ਨੂੰ ਕਿਵੇਂ ਪਾ ਸਕਦਾ ਹੈਂ।''

ਵੇਖੋ ਕਿ ਦਾਊਦ ਨਾਲ ਉਨ੍ਹਾਂ ਕਿਵੇਂ ਚਲਾਕੀ ਖੇਡੀ। ਅਮਨੋਨ ਦੇ ਯੋਨਾਦਾਬ ਤੋਂ ਇਹ ਆਖਣ ਦੇ ਬਾਅਦ ਕਿ ਉਹ ਕਿਉਂ ਪਰੇਸ਼ਾਨ ਹੈ, ਯੋਨਾਦਾਬ ਨੇ ਕਿਹਾ:

> ਤੂੰ ਮੰਜੇ ਉੱਤੇ ਪੈ ਰਹੁ ਅਤੇ ਆਪਣੇ ਆਪ ਨੂੰ ਰੋਗੀ ਬਣਾ ਅਤੇ ਜਦ ਤੇਰਾ ਪਿਉ ਤੈਨੂੰ ਵੇਖਣ ਆਵੇ ਤਾਂ ਤੂੰ ਉਹ ਨੂੰ ਆਖੀਂ ਜੋ ਮੇਰੀ ਭੈਣ ਤਾਮਾਰ ਨੂੰ ਪਰਵਾਨਗੀ ਦਿਓ ਜੋ ਉਹ ਆਵੇ ਅਤੇ ਮੈਨੂੰ ਰੋਟੀ ਖੁਆਵੇ ਅਤੇ ਮੇਰੇ ਸਾਹਮਣੇ ਭੋਜਨ ਪਕਾਵੇ ਜੋ ਮੈਂ ਵੇਖਾਂ ਅਤੇ ਉਹ ਦੇ ਹੱਥੋਂ ਖਾਵਾਂ (13:5)।

ਅਮਨੋਨ ਨੇ ਯੋਨਾਦਾਬ ਦੀ ਸਲਾਹ ਮੁਤਾਬਕ ਕੀਤਾ। ਜਦ ਦਾਊਦ ਨੇ ਆਪਣੇ ਵਾਰਸ ਦੀ ਖਬਰ ਪੁੱਛੀ ਤਾਂ ਅਮਨੋਨ ਨੇ ਯੋਨਾਦਾਬ ਦੀ ਦੱਸੀ ਗਈ ਕਹਾਣੀ ਦੁਹਰਾ ਦਿੱਤੀ। ਅਮਨੋਨ ਦੇ ਮਨ ਵਿਚ ਆਪਣੇ ਪਿਤਾ ਲਈ ਕੋਈ ਸਨਮਾਨ ਨਹੀਂ ਸੀ ਕਿਉਂਕਿ ਬਾਦਸ਼ਾਹ ਆਪਣੀ ਇੱਛਾ ਪੂਰਤੀ ਲਈ ਕਿਸੇ ਦਾ ਵੀ ਸ਼ੋਸ਼ਣ ਕਰ ਸਕਦਾ ਸੀ। ਜਦ ਤੁਸੀਂ ਪਿਤਾ ਦਾ ਫ਼ਰਜ਼ ਨਹੀਂ ਨਿਭਾਉਂਦੇ, ਤਾਂ ਦੂਜੇ ਲੋਕਾਂ ਲਈ ਤੁਹਾਡਾ ਇਸਤੇਮਾਲ ਕਰਨਾ ਅਸਾਨ ਹੋ ਜਾਂਦਾ ਹੈ। ਪਿਤਾ ਦੇ ਫ਼ਰਜ਼ ਨਾ ਨਿਭਾਉਣ ਵਾਲੇ ਲੋਕਾਂ ਨੂੰ ਆਪਣੀਆਂ ਗਲਤੀਆਂ ਦਾ ਪਤਾ ਹੁੰਦਾ ਹੈ ਅਤੇ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਪਸੰਦ

ਕਰਨ ਜਿਸ ਕਾਰਣ ਉਨ੍ਹਾਂ ਨਾਲ ਫਲ ਹੋਣਾ ਕੋਈ ਵੱਡੀ ਗੱਲ ਨਹੀਂ ਹੈ।

ਦਾਊਦ ਨੇ ਅਮਨੋਨ ਦੀ ਆਪਣੀ ਬੇਨਤੀ ਮੰਨ ਕੇ ਤਾਮਾਰ ਨੂੰ ਉਹਦੇ ਲਈ ਰੋਟੀ ਪਕਾਉਣ ਲਈ ਅਮਨੋਨ ਦੇ ਕਮਰੇ ਵਿਚ ਜਾਣ ਦੀ ਇਜਾਜ਼ਤ ਦੇ ਦਿੱਤੀ। ਪਰ ਤਾਮਾਰ ਨੇ ਜਦ ਖਾਣਾ ਬਣਾ ਲਿਆ[11] ਤਾਂ ਉਸ ਨੇ ਖਾਣ ਤੋਂ ਨਾਂਹ ਕਰ ਦਿੱਤੀ। ਉਸ ਨੇ ਲੋਕਾਂ ਨੂੰ ਬਾਹਰ ਕੱਢ ਦਿੱਤਾ, ਅਤੇ ਤਾਮਾਰ ਨੂੰ ਆਪਣੇ ਹੱਥ ਨਾਲ ਉਸ ਨੂੰ ਖੁਆਉਣ ਲਈ ਖਾਣਾ ਆਪਣੇ ਸੌਣ ਵਾਲੇ ਕਮਰੇ ਵਿਚ ਲਿਜਾਣ ਨੂੰ ਆਖਿਆ। ਜਦ ਉਹ ਖਾਣਾ ਲੈ ਕੇ ਆ ਗਈ, ਤਾਂ ਉਸ ਨੇ ਉਸ ਨੂੰ ਫੜ ਕੇ ਮਿੰਨਤ ਕੀਤੀ ਕਿ ''ਕੁੜੇ, ਮੇਰੇ ਨਾਲ ਭੋਗ ਕਰ'' (13:11)। ਉਹ ਡਰ ਗਈ ਅਤੇ ਉਸ ਨੂੰ ਆਪਣੀ ਹਵਸ ਤੇ ਕਾਬੂ ਪਾਉਣ ਦੀ ਬੇਨਤੀ ਕੀਤੀ।[12] ''ਪਰ ਉਸ ਨੇ ਉਸਦੀ ਇਕ ਨਾ ਸੁਣੀ।'' ਸਗੋਂ ''ਉਸ ਦੇ ਨਾਲੋਂ ਤਕੜਾ ਹੋਣ ਦੇ ਕਾਰਨ ਉਸ ਦੇ ਨਾਲ ਜ਼ਬਰਦਸਤੀ ਕੀਤੀ ਅਤੇ ਸੰਗ ਕੀਤਾ'' (13:14)। ''ਉਸ ਨੇ ਉਹਦੇ ਨਾਲ ਬਲਾਤਕਾਰ ਕੀਤਾ'' (NIV); ਇੰਜ ਉਸ ਨੇ ਆਪਣੀ ਹੀ ਭੈਣ ਨਾਲ ਜ਼ਬਰਦਸਤੀ ਕੀਤੀ।

''ਫੇਰ ਅਮਨੋਨ ਨੇ ਉਸ ਦੇ ਨਾਲ ਡਾਢਾ ਵੈਰ ਕੀਤਾ ਅਜਿਹਾ ਜੋ ਉਹ ਵੈਰ ਉਸ ਨਾਲੋਂ ਵੀ ਭਈ ਜਾਂ ਉਸ ਦੇ ਨਾਲ ਪਰੀਤ ਲਾਈ ਸੀ ਵਧੀਕ ਸੀ ਅਤੇ ਅਮਨੋਨ ਨੇ ਉਸ ਨੂੰ ਆਖਿਆ, ਉੱਠ, ਚੱਲੀ ਜਾਹ!'' (13:15)। ਹੇ ਜਵਾਨ ਔਰਤੋ, ਇਨ੍ਹਾਂ ਸ਼ਬਦਾਂ ਨੂੰ ਸੁਣੋ, ਅਤੇ ਆਪਣੇ ਮਨ ਵਿਚ ਬਿਠਾ ਲਓ। ਕੋਈ ਆਦਮੀ ਤੁਹਾਨੂੰ ਜਿਸਮਾਨੀ ਸਬੰਧ ਬਣਾਉਣ ਲਈ ''ਪਿਆਰ'' ਦੀ ਗੱਲ ਆਖ ਸਕਦਾ ਹੈ, ਪਰ ਆਪਣਾ ਕੰਮ ਨਿਕਲਣ ਦੇ ਬਾਅਦ ਉਹ ਤੁਹਾਥੋਂ ਨਫ਼ਰਤ ਕਰੇਗਾ। ਵਿਆਹ ਦੇ ਬੰਧਨ ਵਿਚ ਸਰੀਰਕ ਸਬੰਧ ਇਕ ਚੰਗੀ ਗੱਲ ਹੈ (ਉਤਪਤ 2:23–25; ਇਬਰਾਨੀਆਂ 13:4) ਪਰ ਉਸ ਦੇ ਬਗੈਰ ਇਹ ਸੰਬਧ ਤੁਹਾਡੇ ਲਈ ਦੁੱਖਦਾਈ ਅਤੇ ਭੈੜਾ ਹੋ ਸਕਦਾ ਹੈ।

ਤਾਮਾਰ ਉਸ ਦੇ ਪੈਰਾਂ ਵਿਚ ਹਾੜੇ ਪਾਉਂਦੀ ਆਖਣ ਲੱਗੀ ਕਿ ਉਹ ਉਸ ਨੂੰ ਨਾ ਛੱਡੇ ਪਰ ਉਸ ਨੇ ਨਾ ਸੁਣੀ, ਸਗੋਂ ਸੇਵਕ ਨੂੰ ਕਿਹਾ, ''ਏਹ [ਨਾ ''ਤਾਮਾਰ,'' ਨਾ ''ਮੇਰੀ ਭੈਣ,'' ਬਲਕਿ ''ਇਹ''] ਨੂੰ ਮੇਰੇ ਘਰੋਂ ਹੁਣੇ ਬਾਹਰ ਕੱਢ ਕੇ ਉਸ ਦੇ ਮਗਰੋਂ ਬੂਹਾ ਮਾਰ ਲੈ!'' (13:17)। ਤਾਮਾਰ ਆਪਣੇ ਕੱਪੜੇ ਪਾੜ ਕੇ ਜੋ ਉਸ ਦੇ ਕੁਆਰੇਪਣ ਦੇ ਨਿਸ਼ਾਨ ਸਨ,[13] ਕੁਰਲਾਉਂਦੀ ਹੋਈ ਚਲੀ ਗਈ।[14]

''ਅਮਨੋਨ, ਤੈਨੂੰ ਕਿਸ ਨੇ ਕਿਹਾ ਕਿ ਬਾਦਸ਼ਾਹ ਦਾ ਪੁੱਤਰ ਹੋਣ ਕਰਕੇ, ਤੂੰ ਕਿਸੇ ਵੀ ਔਰਤ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਸਕਦਾ ਹੈਂ? ਤੈਨੂੰ ਕਿਸ ਨੇ ਦੱਸਿਆ ਕਿ ਕਾਮ ਉੱਤੇ ਕਾਬੂ ਨਹੀਂ ਸਗੋਂ ਉਸ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ?'' ਅਮਨੋਨ ਸ਼ਾਇਦ ਹੱਸ ਕੇ ਜਵਾਬ ਦੇਵੇਗਾ, ''ਮੇਰੇ ਪਿਤਾ ਨੇ।'' ਜੈਸਾ ਬਾਪ ਵੈਸਾ ਬੇਟਾ।

ਤਲਵਾਰ ਦਾਊਦ ਦੇ ਘਰੋਂ ਕਦੀ ਨਹੀਂ ਉੱਠੀ।

ਜਦ ਇਸ ਘਿਣਾਉਣੇ ਪਾਪ ਦਾ ਪਤਾ ਦਾਊਦ ਨੂੰ ਲੱਗਾ ਤਾਂ ਉਸ ਨੇ ਕੀ ਕੀਤਾ? 13:21 ਵੱਲ ਨਜ਼ਰ ਮਾਰੋ: ''ਤਦ ਬਾਦਸ਼ਾਹ ਉੱਠਿਆ ਅਤੇ ਆਪਣੇ ਲੀੜੇ ਪਾੜ ਸੁੱਟੇ ਅਤੇ ਭੋਂ ਉੱਤੇ ਲੰਮਾ ਪੈ ਗਿਆ ਤਾਂ ਉਹ ਦੇ ਸਾਰੇ ਟਹਿਲੂਏ ਵੀ ਲੀੜੇ ਪਾੜ ਕੇ ਉਹ ਦੇ ਅੱਗੇ ਹੋ ਖਲੋਤੇ।''[15] ਉਸ ਨੇ ਅਮਨੋਨ ਨੂੰ ਸੁਧਾਰਿਆ ਨਹੀਂ; ਉਸ ਨੇ ਤਾਮਾਰ ਨੂੰ ਤਸੱਲੀ ਨਹੀਂ ਦਿੱਤੀ; ਉਸ ਨੇ ਸਭ ਨੂੰ ਬੁਲਾ ਕੇ ਮੁਸ਼ਕਿਲ ਦਾ ਹੱਲ ਨਹੀਂ ਕੱਢਿਆ। ਉਹ ਤਾਂ ਜਿਵੇਂ ਪਾਗਲ ਹੋ ਗਿਆ। ਉਹ ਅਮਨੋਨ ਨੂੰ ਕਿਵੇਂ ਸੁਧਾਰ ਸਕਦਾ ਸੀ। ਜਦ ਕਿ ਅਮਨੋਨ ਨੇ ਉਸੇ ਦੀ ਕਿਤਾਬ ਦੇ ਇਕ ਸਫ਼ੇ ਦੀ ਨਕਲ ਮਾਰੀ ਸੀ? ''ਮਨੁੱਖ ਜੋ ਬੀਜਦਾ ਹੈ ਉਹੀ ਵੱਢੇਗਾ।''– ਮਾਫ਼ੀ ਦੇ ਬਾਵਜੂਦ।

## ਬਦਲਾ (13:20-36)

ਜਦ ਤਾਮਾਰ ਦੇ ਸਕੇ ਭਰਾ, ਅਬਸ਼ਾਲੋਮ ਨੂੰ ਪਤਾ ਲੱਗਾ ਤਾਂ ਕੀ ਹੋਇਆ। ਉਹ ਨੇ ਫ਼ੈਸਲਾ ਲਿਆ ਕਿ ਅਮਨੋਨ ਨੂੰ ਇਸ ਦੀ ਸਜ਼ਾ ਜਰੂਰ ਦਵੇਗਾ। ਉਸ ਨੇ ਤਾਮਾਰ ਤੋਂ ਪੁੱਛਿਆ, ''ਕੀ ਤੇਰਾ

ਭਰਾ ਅਮਨੋਨ ਤੇਰੇ ਨਾਲ ਰਿਹਾ ਹੈ?'' ਮੈਨੂੰ ਨਹੀਂ ਪਤਾ ਸੀ ਕਿ ਅਬਸ਼ਾਲੋਮ ਨੂੰ ਅਮਨੋਨ ਤੇ ਸ਼ੱਕ ਕਿਉਂ ਸੀ? ਕੀ ਉਸ ਨੂੰ ਅਮਨੋਨ ਦੀਆਂ ਅੱਖਾਂ ਵਿਚ ਹਵਸ ਨਜ਼ਰ ਆਈ ਸੀ? ਕੀ ਉਸ ਨੇ ਅਫ਼ਵਾਹ ਸੁਣੀ ਸੀ? ਮੈਂ ਤਾਮਾਰ ਨੂੰ ਸਿਰ ਹਿਲਾਉਂਦੇ ਹੋਏ, ਰੋਂਦੇ ਹੋਏ, ਬੋਲਣ ਵਿਚ ਲਾਚਾਰ ਵੇਖਦਾ ਹਾਂ। ਅਬਸ਼ਾਲੋਮ ਨੇ ਕਿਹਾ, ''ਪਰ ਹੁਣ ਤੇ ਮੇਰੀ ਭੈਣ, ਚੁੱਪ ਰਹੋ'' (13:20)। ਕਲੰਕਣ ਹੋਈ ਤਾਮਾਰ ਅਬਸ਼ਾਲੋਮ ਦੇ ਘਰ ਵਿਚ ਇਕੱਲ ਵਿਚ ਰਹੀ।

''ਅਤੇ ਅਬਸ਼ਾਲੋਮ ਨੇ ਆਪਣੇ ਭਰਾ ਅਮਨੋਨ ਨੂੰ ਕੁਝ ਚੰਗਾ ਮੰਦਾ ਨਾ ਆਖਿਆ, ਕਿਉਂ ਜੋ ਅਬਸ਼ਾਲੋਮ ਅਮਨੋਨ ਨਾਲ ਵੈਰ ਰੱਖਦਾ ਸੀ ਇਸ ਕਰਕੇ ਜੋ ਉਸ ਨੇ ਉਹ ਦੀ ਭੈਣ ਤਾਮਾਰ ਨਾਲ ਜ਼ਬਰਦਸਤੀ ਕੀਤੀ ਸੀ'' (13:22)। ਆਪਣੇ ਭਰਾ ਨਾਲ ਬੋਲਿਆਂ ਅਬਸ਼ਾਲੋਮ ਨੂੰ ਦੋ ਸਾਲ ਹੋ ਗਏ ਸਨ। ਉਹ ਇੱਕੋ ਮੇਜ਼ ਤੇ ਖਾਣਾ ਖਾਂਦੇ ਅਤੇ ਮਹਿਲ ਵਿਚ ਇਕ ਦੂਜੇ ਦੇ ਕੋਲੋਂ ਦੀ ਲੰਘਦੇ ਸਨ, ਪਰ ਅਬਸ਼ਾਲੋਮ ਇਵੇਂ ਵਿਹਾਰ ਕਰਦਾ ਜਿਵੇਂ ਅਮਨੋਨ ਹੋਵੇ ਹੀ ਨਾ। ਇਹ ਇਕ ਅਜਿਹਾ ਘਰ ਸੀ ਜਿਸ ਵਿਚ ਇਕ ਦੂਜੇ ਨਾਲ ਬੋਲਚਾਲ ਬੰਦ ਸੀ। ਦਾਊਦ ਆਪਣੇ ਬੱਚਿਆਂ ਨਾਲ ਗੱਲ ਨਹੀਂ ਕਰਦਾ ਸੀ; ਉਸ ਦੇ ਬੱਚੇ ਇਕ ਦੂਜੇ ਨਾਲ ਗੱਲ ਨਹੀਂ ਕਰਦੇ ਸੀ। ''ਦੋ ਸਾਲ'' (13:23) ਤਕ ਉਨ੍ਹਾਂ ਵਿਚਕਾਰ ਕੋਈ ਗੱਲ ਨਹੀਂ ਹੋਈ।

ਇਸ ਸਾਰੇ ਵਕਤ ਦਿਨ-ਬ-ਦਿਨ ਆਪਣੀ ਸੋਹਣੀ ਭੈਣ ਨੂੰ ਵੇਖ ਵੇਖ ਅਬਸ਼ਾਲੋਮ (ਵੇਖੋ 2 ਸਮੂਏਲ 13:32) ਮਨ ਹੀ ਮਨ ਕੁੜ੍ਹਦਾ ਸੀ ਅਤੇ ਸੁੱਕਦਾ ਜਾ ਰਿਹਾ ਸੀ। ਅਬਸ਼ਾਲੋਮ ਦੇ ਮਨ ਵਿਚ ਬਦਲੇ ਦੀ ਖਿਚੜੀ ਪੱਕ ਰਹੀ ਸੀ। ''ਪੂਰੇ ਦੋ ਵਰਿਹਾਂ ਪਿੱਛੋਂ ਅਬਸ਼ਾਲੋਮ ਦੇ ਉੱਨ ਕਤਰਨ ਵਾਲੇ ਬਆਲ-ਹਸੋਰ[16] ਵਿਚ ਜੋ ਇਫ਼ਰਾਈਮ ਦੇ ਕੋਲ ਹੈ ਉੱਥੇ ਸਨ ਅਤੇ ਅਬਸ਼ਾਲੋਮ ਨੇ ਬਾਦਸ਼ਾਹ ਦੇ ਸਭਨਾਂ ਪੁੱਤਰਾਂ ਨੂੰ ਬੁਲਾਇਆ'' (13:23)। ਉੱਨ ਲਾਹੁਣ ਦਾ ਸਮਾਂ ਜਸ਼ਨ ਦਾ ਸਮਾਂ ਹੁਦਾ ਸੀ,[17] ਅਤੇ ਅਬਸ਼ਾਲੋਮ ਨੇ ਦਾਅਵਤ ਵਿਚ ਭਾਗ ਲੈਣ ਲਈ ਆਪਣੇ ਭਰਾਵਾਂ ਨੂੰ ਸੱਦਾ ਦਿੱਤਾ।[18] ਬੇਸ਼ੱਕ, ਅਬਸ਼ਾਲੋਮ ਦੀ ਦਿਲਚਸਪੀ ਖ਼ਾਸ ਭਰਾ ਅਮਨੋਨ ਨੂੰ ਸੱਦਣ ਵਿਚ ਸੀ। ਅਮਨੋਨ ਨੇ ਅਬਸ਼ਾਲੋਮ ਦਾ ਕਬੂਲ ਨਹੀਂ ਕੀਤਾ ਸੀ, ਜਿਸ ਕਾਰਣ ਆਪਣੇ ਬਾਪ ਨਾਲ ਚਾਲ ਖੇਡਣ ਲਈ ਅਬਸ਼ਾਲੋਮ ਉਸ ਕੋਲ ਗਿਆ।

ਅਬਸ਼ਾਲੋਮ ਨੇ ਦਾਊਦ ਨੂੰ ਦਾਅਵਤ ਤੇ ਬੁਲਾਇਆ। ਜਦ ਉਸ ਨੇ ਨਾਂਹ ਕਰ ਦਿੱਤੀ (ਜਿਵੇਂ ਕਿ ਅਬਸ਼ਾਲੋਮ ਜਾਣਦਾ ਸੀ ਕਿ ਉਹ ਕਰੇਗਾ) ਤਾਂ ਅਬਸ਼ਾਲੋਮ ਨੇ ਅਸਲ ਵਿਚ ਕਿਹਾ, ''ਤਾਂ ਫਿਰ ਬਾਦਸ਼ਾਹ ਬਣਨ ਵਾਲੇ ਆਪਣੇ ਪੁੱਤਰ ਨੂੰ ਆਪਣੀ ਥਾਂ ਭੇਜ ਦਿਓ।'' ਪਹਿਲਾਂ ਤਾਂ ਦਾਊਦ ਨੇ ਨਾਂਹ ਕੀਤੀ (ਭਲਾ ਉਸ ਨੂੰ ਸ਼ੱਕ ਸੀ?), ਪਰ ਅਬਸ਼ਾਲੋਮ ਦੇ ਦਬਾ ਪਾਉਣ[19] ਤੇ (ਛਲਣ ਦੀ ਇਕ ਤਰਕੀਬ) ਆਖ਼ਰ ਦਾਊਦ ਅਮਨੋਨ ਨੂੰ ਭੇਜਣ ਲਈ ਰਾਜ਼ੀ ਹੋ ਗਿਆ।

ਜਦ ਦਾਅਵਤ ਸ਼ੁਰੂ ਹੋ ਗਈ, ਤਾਂ ਅਬਸ਼ਾਲੋਮ ਨੇ ਅਮਨੋਨ ਨੂੰ ਬਹੁਤੀ ਪਿਆ ਦਿੱਤੀ ਅਤੇ ਆਪਣੇ ਸੇਵਕਾਂ ਨੂੰ ਉਸ ਨੂੰ ਮਾਰ ਦੇਣ ਦਾ ਹੁਕਮ ਦਿੱਤਾ। ਇਕ ਪਲ ਵਿਚ ਬਾਦਸ਼ਾਹ ਬਣਨ ਵਾਲਾ ਰਾਜਕੁਮਾਰ ਫ਼ਰਸ਼ ਉੱਤੇ ਲਹੂ ਲੁਹਾਨ ਪਿਆ ਸੀ। ਬਾਕੀ ਰਾਜਕੁਮਾਰ ਆਪਣੀ ਆਪਣੀ ਜਾਨ ਬਚਾ ਕੇ ਨੱਸ ਗਏ।[20]

''ਅਬਸ਼ਾਲੋਮ, ਤੈਨੂੰ ਕਿਸ ਨੇ ਸਿਖਾਇਆ ਕਿ ਕਿਸੇ ਨੂੰ ਐਨੀ ਪਿਆ ਦਿਓ ਕਿ ਉਹ ਸੰਭਲ ਹੀ ਨਾ ਪਾਏ? ਤੈਨੂੰ ਕਿਸ ਨੇ ਸਿਖਾਇਆ ਕਿ ਕਿਸੇ ਨੂੰ ਮਾਰਨ ਲਈ ਦੂਜੇ ਦਾ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ?'' ਅਬਸ਼ਾਲੋਮ ਹੱਸ ਕੇ ਜਵਾਬ ਦਵੇਗਾ, ''ਮੇਰੇ ਬਾਪ ਨੇ।'' ਜੈਸਾ ਬਾਪ ਵੈਸਾ ਬੇਟਾ। ਤਲਵਾਰ ਦਾਊਦ ਦੇ ਘਰੋਂ ਕਦੀ ਦੂਰ ਨਾ ਹੋਈ।[21]

## ਭੱਜ ਜਾਣਾ (13:37-14:33)

''ਅਬਸ਼ਾਲੋਮ ਨੱਸ ਕੇ ਗਸ਼ੂਰ ਦੇ ਰਾਜਾ ਅਮੀਹੂਰ ਦੇ ਪੁੱਤਰ ਤਲਮੀ ਕੋਲ ਗਿਆ'' (13:37)।

ਤੁਹਾਨੂੰ ਯਾਦ ਹੈ ਇਹ ਤਲਮੀ ਕੌਣ ਸੀ? ਉਸ ਬਾਰੇ ਅਸੀਂ ਅਧਿਆਇ 3 ਵਿਚ ਪੜ੍ਹਦੇ ਹਾਂ। ਇਹ ਅਬਸ਼ਾਲੋਮ ਦਾ ਨਾਨਾ ਸੀ। ਅਬਸ਼ਾਲੋਮ ਦੌੜ ਕੇ ਗੱਸ਼ੂਰ ਦੇ ਰਾਜਾ, ਆਪਣੇ ਨਾਨੇ ਕੋਲ ਚਲਿਆ ਗਿਆ। ਸ਼ਾਇਦ ਆਪਣੇ ਨਾਨੇ ਨਾਲ ਅਬਸ਼ਾਲੋਮ ਦਾ ਕੋਈ ਖ਼ਾਸ ਰਿਸ਼ਤਾ ਸੀ। ਸ਼ਾਇਦ ਉਸ ਨੂੰ ਪਿਤਾ ਦੀ ਲੋੜ ਮਹਿਸੂਸ ਹੋਈ। ਸ਼ਾਇਦ ਉਹ ਯਰੂਸ਼ਲਮ ਤੋਂ ਜਿੰਨਾ ਹੋ ਸਕੇ ਦੂਰ ਜਾਣਾ ਚਾਹੁੰਦਾ ਸੀ। (ਗੱਸ਼ੂਰ ਉੱਤਰ ਵੱਲ ਬਹੁਤ ਦੂਰ ਸੀ[22])।

ਤਿੰਨ ਸਾਲ, ਤਿੰਨ ਸਾਲ ਦਾ ਲੰਮਾਂ ਅਰਸਾ ਬੀਤ ਗਿਆ। ਹੌਲੀ ਹੌਲੀ ਦਾਊਦ ਦੇ ਦਿਲ ਦਾ ਦਰਦ ਘਟਣ ਲੱਗਾ, ਅਤੇ ਉਸ ਨੂੰ ਅਮਨੋਨ ''... ਵੱਲੋਂ ਉਹ ਨੂੰ ਧੀਰਜ ਆ ਗਈ ਸੀ'' (13:39)। ਤਦ ''ਦਾਊਦ ਬਾਦਸ਼ਾਹ ਦਾ ਜੀ ਅਬਸ਼ਾਲੋਮ ਦੇ ਕੋਲ ਜਾਣ ਨੂੰ ਵੱਡਾ ਲੋਚਦਾ ਸੀ'' (13:39)। ਤਾਂ ਫਿਰ ਉਹ ਕਿਉਂ ਨਹੀਂ ਗਿਆ? ਅਬਸ਼ਾਲੋਮ ਲਈ ਉਸ ਦੀ ਮਨ ਵਿਚ ਹਮੇਸ਼ਾ ਖ਼ਾਸ ਜਗ੍ਹਾ ਰਹੀ ਸੀ।[23] ਅਮਨੋਨ ਦੀ ਮੌਤ ਦੇ ਬਾਅਦ, ਹੁਣ ਅਬਸ਼ਾਲੋਮ ਹੀ ਉਸ ਦਾ ਸਭ ਤੋਂਵੱਡਾ ਬੇਟਾ ਸੀ।[24] ਦਾਊਦ ਨੇ ਉਸ ਨਾਲ ਸੁਲਾਹ ਕਿਉਂ ਨਹੀਂ ਕੀਤੀ?

ਦਾਊਦ ਜੋ ਪਹਿਲਾਂ ਹੀ ਬੁੱਢਾ ਲਗ ਰਿਹਾ ਸੀ, ਨੇ ਸਿਰ ਹਿਲਾ ਕੇ ਹਾਂ ਕਿਹਾ ਹੋਵੇਗਾ। ''ਮੈਂ ਬਾਦਸ਼ਾਹ ਹਾਂ। ਮੇਰੇ ਅੰਦਰ ਘਮੰਡ ਹੈ। ਮੈਂ ਅਜਿਹਾ ਨਹੀਂ ਕਰ ਸਕਦਾ ਹਾਂ।''

ਇਸ ਕਾਰਣ ਕੁਝ ਨਹੀਂ ਹੋਇਆ।

ਅਧਿਆਇ 14 ਵਿਚ ਯੋਆਬ ਨੇ ਅਬਸ਼ਾਲੋਮ ਨੂੰ ਯਰੂਸ਼ਲਮ ਵਿਚ ਲਿਆ ਕੇ ਦਾਊਦ ਨੂੰ ਬੇਇੱਜ਼ਤ ਕਰਨ ਦੀ ਯੋਜਨਾ ਬਣਾਈ।[25] ਨਾਥਾਨ ਵਾਲਾ ਢੰਗ ਅਪਣਾ ਕੇ ਉਸ ਨੇ ਦਾਊਦ ਕੋਲ ਇਕ ਔਰਤ ਨੂੰ[26] ਇਕ ਕਹਾਣੀ ਸੁਣਾਉਣ ਲਈ ਭੇਜਿਆ। ਕਹਾਣੀ ਉਸ ਦੇ ਇਕ ਪੁੱਤਰ ਵੱਲੋਂ ਦੂਜੇ ਪੁੱਤਰ ਨੂੰ ਮਾਰਨ ਦੀ ਸੀ,[27] ਅਤੇ ਅਬਸ਼ਾਲੋਮ ਵੱਲੋਂ ਅਮਨੋਨ ਦਾ ਕਤਲ ਕਰਨ ਨਾਲ ਮੇਲ ਖਾਂਦੀ ਸੀ। ਉਸ ਦੀ ਕਹਾਣੀ ਤੋਂ ਭਾਵੁਕ ਹੋ ਕੇ, ਦਾਊਦ ਨੇ ਦੂਜੇ ਪੁੱਤਰ ਨੂੰ ਮਾਰਨ ਵਾਲੇ ਪੁੱਤਰ ਨੂੰ ਮਾਫ਼ ਕਰ ਦਿੱਤਾ। ਉਸ ਔਰਤ ਨੇ ਸੱਚ ਕਿਹਾ, ''ਮੈਂ ਅਸਲ ਵਿਚ ਅਬਸ਼ਾਲੋਮ ਦੀ ਗੱਲ ਕਰ ਰਹੀ ਹਾਂ। ਸਾਰਾ ਇਸਰਾਏਲ ਉਸ ਨੂੰ ਵਾਪਸ ਲਿਆਉਣਾ ਚਾਹੁੰਦਾ ਹੈ। ਤੂੰ ਉਸ ਨੂੰ ਮਾਫ਼ ਕਰ ਕੇ ਘਰ ਕਿਉਂ ਨਹੀਂ ਲਿਆਉਂਦਾ?''

ਬੇਚੈਨ ਹੋਏ ਰਾਜੇ ਨੇ ਯੋਆਬ ਨੂੰ ਆਖਿਆ, ''ਵੇਖ, ਮੈਂ ਏਹ ਕੰਮ ਕਰਦਾ ਹਾਂ! ਤੂੰ ਜਾਹ ਅਤੇ ਉਸ ਜੁਆਨ ਅਬਸ਼ਾਲੋਮ ਨੂੰ ਮੋੜ ਲਿਆ'' (14:21)। ''ਅਤੇ ਯੋਆਬ ਉੱਠ ਕੇ ਗੱਸ਼ੂਰ ਨੂੰ ਗਿਆ, ਅਤੇ ਅਬਸ਼ਾਲੋਮ ਨੂੰ ਯਰੂਸ਼ਲਮ ਵਿਚ ਲੈ ਆਇਆ'' (14:23)।

ਪਰ ਦਾਊਦ ਦੇ ਦਿਲ ਟੁੰਬਵੇਂ ਨਿਰਦੇਸ਼ਾਂ ਵੱਲ ਧਿਆਨ ਦਿਓ: ''ਉਹ ਆਪਣੇ ਘਰ ਮੁੜ ਜਾਵੇ ਅਤੇ ਮੇਰਾ ਮੂੰਹ ਨਾ ਵੇਖੇ!'' (14:24)। ਇਹ ਉਹੀ ਪੁੱਤਰ ਸੀ ਜਿਸ ਨੂੰ ਦਾਊਦ ਮਿਲਣਾ ਚਾਹੁੰਦਾ ਸੀ (2 ਸਮੂਏਲ 13:39)। ਇਹ ਉਹੀ ਪੁੱਤਰ ਸੀ ਜਿਸ ਵੱਲ ''ਉਹ ਦਾ ਮਨ ਲੱਗਿਆ ਸੀ'' (14:1)। ਇਹ ਉਹੀ ਪੁੱਤਰ ਸੀ ਜਿਸ ਨੂੰ ਦਾਊਦ ਬੇਇੰਤਹਾ ਪਿਆਰ ਕਰਦਾ ਸੀ (2 ਸਮੂਏਲ 18:5, 33; ਤੁਲਨਾ 19:60)। ਫਿਰ ਵੀ ਉਸ ਨੇ ਕਿਹਾ, ''ਉਸ ਨੂੰ ਮੋੜ ਲਿਆ, ਪਰ ਮੈਂ ਉਸ ਦੀ ਸ਼ਕਲ ਵੇਖਣਾ ਨਹੀਂ ਚਾਹੁੰਦਾ।'' ਦਾਊਦ ਦੇ ਉਸ ਉਜਾੜੂ ਪੁੱਤਰ ਦੇ ਘਰ ਆਉਣ ਦੇ ਹੈਰਾਨੀਜਨਕ ਫ਼ਰਕ ਅਤੇ ਗੌਰ ਕਰੋ: ''ਉਹ ਅਜੇ ਦੂਰ ਹੀ ਸੀ ਕਿ ਉਹਦੇ ਪਿਉ ਨੇ ਉਸ ਨੂੰ ਡਿੱਠਾ ਅਤੇ ਉਸ ਨੂੰ ਤਰਸ ਆਇਆ ਅਰ ਦੌੜ ਕੇ ਗਲੇ ਲਾ ਲਿਆ ਅਤੇ ਉਹ ਨੂੰ ਚੁੰਮਿਆ'' (ਲੂਕਾ 15:20)। ਪਰ ਦਾਊਦ ਨੇ ਕਿਹਾ, ''ਉਸ ਨੂੰ ਆਪਣੇ ਘਰ ਆਉਣ ਦਿਓ ਅਤੇ ਉਹ ਉੱਥੇ ਰਹੇ। ਮੈਂ ਉਸ ਦਾ ਮੂੰਹ ਨਹੀਂ ਵੇਖਣਾ ਚਾਹੁੰਦਾ ਹਾਂ।''

ਸ਼ਰ੍ਹਾ ਮੁਤਾਬਿਕ ਦਾਊਦ ਨੂੰ ਕਤਲ ਦੇ ਜੁਰਮ ਲਈ ਅਬਸ਼ਾਲੋਮ ਨੂੰ ਕਤਲ ਕਰ ਦੇਣਾ ਚਾਹੀਦਾ ਸੀ, ਪਰ ਉਸੇ ਸ਼ਰ੍ਹਾ ਰਾਹੀਂ ਦੋਸ਼ੀ ਠਹਿਰਣ ਵਾਲਾ ਆਪਣੇ ਨਾਲ ਅਜਿਹਾ ਨਹੀਂ ਕਰ ਸਕਿਆ ਸੀ। ਦੂਜੇ ਪਾਸੇ, ਅਗਰ ਦਾਊਦ ਦੇ ਉਸ ਨੂੰ ਮਾਰਨਾ ਨਹੀਂ ਸੀ, ਤਾਂ ਉਸ ਨੂੰ ਚਾਹੀਦਾ ਸੀ ਕਿ ਉਸ ਨੂੰ ਮਾਫ਼ ਕਰਕੇ ਮਹਿਲ ਵਿਚ ਪੂਰਾ ਹੱਕ ਦਿੰਦਾ।[28] ਦਾਊਦ ਇੰਜ ਨਹੀਂ ਕਰਨਾ ਚਾਹੁੰਦਾ ਸੀ, ਇਸ ਕਰਕੇ

ਉਸ ਨੇ ਕੁਝ ਵੀ ਨਾ ਕੀਤਾ।

''ਅਤੇ ਅਬਸ਼ਾਲੋਮ ਪੂਰੇ ਦੋ ਵਰ੍ਹੇ ਯਰੂਸ਼ਲਮ ਵਿਚ ਰਿਹਾ ਪਰ ਬਾਦਸ਼ਾਹ ਦਾ ਮੂੰਹ ਨਾ ਡਿੱਠਾ'' (14:28)। ਅਬਸ਼ਾਲੋਮ ਤਿੰਨ ਸਾਲਾਂ ਤਕ ਆਪਣੇ ਨਾਨਕੇ ਸੀ। ਹੁਦ ਉਹ ਦੋ ਸਾਲਾਂ ਤਕ ਆਪਣੇ ਘਰ ਵਿਚ ਇਕੱਲਾ ਰਿਹਾ। ਪੰਜ ਸਾਲਾਂ ਤਕ ਉਸ ਨੇ ਆਪਣੇ ਬਾਪ ਦਾ ਮੂੰਹ ਨਹੀਂ ਵੇਖਿਆ।

ਅਬਸ਼ਾਲੋਮ ਨੇ ਦਬਾਅ ਪਾ ਕੇ ''ਮੈਨੂੰ ਖੁਆਓ ਜਾਂ ਸੌਦਾ ਕਰੋ''[29] ਵਾਲੀ ਸਥਿਤੀ ਬਣਾਉਣ ਦਾ ਫ਼ੈਸਲਾ ਕੀਤਾ। ਉਹ ਚਾਹੁੰਦਾ ਸੀ ਕਿ ਯੋਆਬ ਉਸ ਦੀ ਵਿਚੋਲਗਿਰੀ ਕਰੇ, ਪਰ ਉਸ ਨੇ ਉਸ ਦੀ ਗੱਲ ਵੱਲ ਗੌਰ ਨਾ ਕੀਤਾ।[30] ਅਬਸ਼ਾਲੋਮ ਨੇ ਯੋਆਬ ਦਾ ਧਿਆਨ ਖਿੱਚਣ ਲਈ ਆਪਣੇ ਨੌਕਰਾਂ ਨੂੰ ਉਸ ਦੇ ਜੌਆਂ ਦੇ ਖੇਤ ਵਿਚ ਅੱਗ ਲਾਉਣ ਲਈ ਆਖਿਆ![31] ਤਦ ਯੋਆਬ ਅਬਸ਼ਾਲੋਮ ਦੀ ਤਰਫ਼ੋਂ ਬਾਦਸ਼ਾਹ ਕੋਲ ਗਿਆ, ਅਤੇ ਅੰਤ ਵਿਚ, ਪੰਜ ਸਾਲਾਂ ਪਿੱਛੋਂ, ਦਾਊਦ ਨੇ ਆਪਣੇ ਪੁੱਤਰ ਨੂੰ ਬੁਲਾ ਹੀ ਲਿਆ। ਆਖ਼ਰ ਉਨ੍ਹਾਂ ਨੂੰ ਸਭ ਕੁਝ ਸਾਹਮਣੇ ਲਿਆਉਣ ਦਾ ਮੌਕਾ ਮਿਲ ਹੀ ਗਿਆ। ਅੰਤ ਉਹ ਇਕ ਦੂਜੇ ਨਾਲ ਗੱਲ ਕਰਨ ਲਗ ਪਏ ਸਨ। ਅੰਤ ਵਿਚ ਸਭ ਗੱਲਾਂ ਸ਼ਾਂਤੀ ਨਾਲ ਹੋ ਸਕਦੀਆਂ ਸਨ। ਅੰਤ ਵਿਚ ਸੁਲਾਹ ਕਰਕੇ ਰਹਿ ਸਕੇਦ ਸਨ। ਪਰ 14:33 ਦੇ ਅੰਤ ਦੇ ਦ੍ਰਿਸ਼ ਤੇ ਧਿਆਨ ਦਿਓ: ''ਤਾਂ *[ਅਬਸ਼ਾਲੋਮ]* ਬਾਦਸ਼ਾਹ ਕੋਲ ਆਇਆ ਅਤੇ ਬਾਦਸ਼ਾਹ ਦੇ ਅੱਗੇ ਮੂੰਹ ਪਰਨੇ ਡਿੱਗ ਪਿਆ ਅਤੇ ਬਾਦਸ਼ਾਹ ਨੇ ਅਬਸ਼ਾਲੋਮ ਨੂੰ ਚੁੰਮਿਆ।'' ਮੈਨੂੰ ਨਹੀਂ ਪਤਾ ਕਿ ਤੁਹਾਡੇ ਉੱਤੇ ਇਸ ਦ੍ਰਿਸ਼ ਦਾ ਕੀ ਪ੍ਰਭਾਵ ਪਿਆ ਹੋਵੇਗਾ, ਪਰ ਇਹ ਸਮਝ ਕੇ ਕਿ ਚੁੰਮਣਾ ਉਸ ਵਕਤ ਦਾ ਰਸਮੀ ਸੁਆਗਤ ਸੀ, ਮੈਨੂੰ ਇਹ ਬਹੁਤ ਹੀ ਨੀਰਸ ਅਤੇ ਨੀਰਸ ਲਗਦਾ ਹੈ।

ਇਸ ਨੂੰ ਅੱਜ ਦੇ ਸ਼ਬਦਾਂ ਵਿਚ ਢਾਲੋ: ਲੜਕਾ ਆਪਣੇ ਪਿਤਾ ਕੋਲੋਂ ਸਮਾਂ ਲੈਣ ਅਤੇ ਗੱਲ ਕਰਨ ਦੀ ਥਾਂ ਤਲਾਸ਼ ਕਰਨ ਦੀ ਕੋਸ਼ਿਸ਼ ਕਿੰਨੇ ਮਹੀਨਿਆਂ ਤੋਂ ਕਰ ਰਿਹਾ ਸੀ। ਅਖ਼ੀਰ ਲਿਵਿੰਗ ਰੂਮ ਵਿਚ ਉਹ ਆਪਣੇ ਬਾਪ ਦੇ ਸਾਹਮਣੇ ਖੜਾ ਸੀ, ਪੈਰ ਘਸੀਟਦੇ ਘਸੀਟਦੇ ਆਪਣੇ ਬਾਪ ਦੇ ਸਾਹਮਣੇ ਨਜ਼ਰਾਂ ਝੁਕਾਏ ਹੋਏ ਹੌਲੀ ਹੌਲੀ ਕਹਿ ਰਿਹਾ ਸੀ, ''ਸੌਰੀ, ... ਡੈਡੀ।'' ਬਾਪ ਕੁਝ ਦੇਰ ਲਈ ਸੋਚਦਾ ਹੈ, ਫਿਰ ਰੁੱਖੇ ਜਿਹੇ ਅੰਦਾਜ਼ ਵਿਚ ਆਖਦਾ ਹੈ, ''ਅੱਛਾ ਅੱਛਾ ਠੀਕ ਹੈ, ਠੀਕ ਹੈ ... ਪਰ ਯਾਦ ਰੱਖੀਂ, ਅੱਗੇ ਤੋਂ ਇਜੰ ਨਹੀਂ ਹੋਣਾ ਚਾਹੀਦਾ। ... ਜੋ ਹੋਇਆ ਉਸ ਤੇ ਮਿੱਟੀ ਪਾ।''

ਦਾਊਦ ਅਤੇ ਉਸ ਦੇ ਪੁੱਤਰਾਂ ਵਿਚਕਾਰ ਅਜੇ ਵੀ ਕੋਈ *ਅਸਲ* ਗੱਲਬਾਤ ਨਹੀਂ ਸੀ।

## ਬਗਾਵਤ (15:1-16:23)

ਅਧਿਆਇ 15 ਵਿਚ ਅਬਸ਼ਾਲੋਮ ਦੇ ਮਨ ਵਿਚ ਬਣਨ ਵਾਲੀ ਸਾਰੀ ਨਰਾਜਗੀ ਉਸ ਦੇ ਸਿਰ ਵਿਚ ਆ ਗਈ ਜਦ ਉਸ ਨੇ ਆਪਣੇ ਪਿਓ ਦੇ ਖ਼ਿਲਾਫ਼ ਸਾਜ਼ਿਸ਼ ਦੀ ਸ਼ੁਰੂਆਤ ਕੀਤੀ। ਅਬਸ਼ਾਲੋਮ ਨੇ ਲੋਕਾਂ ਦੇ ਦਿਲ ਜਿੱਤਣ ਲਈ[32] ਚਾਰ ਸਾਲ ਲਗਾਏ।[33] ਇਕ ਸ਼ਾਹੀ ਰੱਥ ਉੱਤੇ ਸਵਾਰ ਹੋ ਕੇ,[34] ਜਿਸ ਵਿਚ ਉਸ ਦੇ ਸੇਵਾਦਾਰ ਅਤੇ ਰਖਵਾਲੀ ਲਈ ਪੰਜਾਹ ਅੰਗਰੱਖਿਅਕ ਸਨ, ਪੂਰੇ ਦੇਸ਼ ਵਿਚ ਘੁੰਮਣ ਕਰਕੇ ਸਭ ਲੋਕਾਂ ਦੀਆਂ ਨਜ਼ਰਾਂ ਵਿਚ ਛਾ ਗਿਆ। (ਉਹ ਆਪਣੇ ਆਪ ਵਿਚ ਇਕ ਪਰੇਡ ਸੀ!) ਉਸ ਨੇ ਬਾਦਸ਼ਾਹੀ ਤਰਾਈ[35] ਵਿਚ ਲੋਕਾਂ ਅੱਗੇ ਆਪਣਾ ਨਾਮ ਪੇਸ਼ ਕਰ ਕੇ ਆਪਣੇ ਲਈ ਇਕ ਯਾਦਗਾਰ ਬਣਾਈ।[36] ਹਰ ਰੋਜ ਉਹ ਮਹਿਲ ਦੇ ਫ਼ਾਟਕ ਤੇ ਖੜਾ ਹੋ ਜਾਂਦਾ ਅਤੇ ਬਾਦਸ਼ਾਹ ਕੋਲ ਇਨਸਾਫ਼ ਮੰਗਣ ਆਉਣ ਵਾਲਿਆਂ ਨੂੰ ਭੜਕਾਉਂਦਾ। ਗੱਲਾਂ ਅਤੇ ਕੰਮਾਂ ਨਾਲ ਉਸ ਨੇ ਲੋਕਾਂ ਦੇ ਮਨਾਂ ਵਿਚ ਵਿਚਾਰ ਪਾ ਦਿੱਤੇ ਕਿ ''ਆਪਣੇ ਪਿਓ ਦੇ ਉਲਟ, ਮੈਂ ਸਭ ਲੋਕਾਂ ਨੂੰ ਮਿਲਿਆ ਕਰਾਂਗਾ ਅਤੇ ਨਿਰਪੱਖ ਨਿਆਂ ਕਰਿਆ ਕਰਾਂਗਾ!''[37]

ਅਖ਼ੀਰ ਉਹਦੇ ਲਈ ਗੱਦੀ ਤੇ ਪੈਰ ਧਰਨ ਦਾ ਢੁਕਵਾਂ ਸਮਾਂ ਆ ਗਿਆ। ਉਸ ਨੇ ਆਪਣੇ ਐਲਾਨ ਦੀ ਢੁਕਵੀਂ ਥਾਂ ਹੈਬਰੋਨ ਨੂੰ ਚੁਣਿਆ। ਹੈਬਰੋਨ ਇਕ ਸਹੀ ਪਸੰਦ ਸੀ। ਇਹ ਯਰੂਸ਼ਲਮ ਤੋਂ ਕੁਝ ਦੂਰ

ਸੀ। ਤਾਂ ਵੀ ਇਸਰਾਏਲੀ ਲੋਕਾਂ ਚ ਇਸਦੇ ਲਈ ਖ਼ਾਸ ਥਾਂ ਸੀ। ਇਸ ਦੇ ਵਾਸੀ ਦਾਊਦ ਦੇ ਹੈਬਰੋਨ ਦੀ ਥਾਂ ਯਰੂਸ਼ਲਮ ਨੂੰ ਰਾਜਧਾਨੀ ਬਣਾਉਣ ਕਰਕੇ ਨਾਖੁਸ਼ ਸਨ। ਇਸ ਦੇ ਇਲਾਵਾ, ਇਹ ਅਬਸ਼ਾਲੋਮ ਦੀ ਜਨਮ ਭੂਮੀ ਭਾਵ ਅਬਸ਼ਾਲੋਮ ਦੇ ਜਨਮ ਦਾ ਨਗਰ ਸੀ।

ਅਬਸ਼ਾਲੋਮ ਜਿੱਥੇ ਵੀ ਕਿਤੇ ਗਿਆ ਭੀੜ ਨੂੰ ਆਪਣੇ ਵੱਲ ਖਿੱਚਿਆ, ਇਸ ਲਈ ਉਸ ਨੇ ਆਪਣੇ ਪਿਓ ਨੂੰ ਇਹ ਦੱਸ ਕੇ ਕਿ ਉਹ ਇਕ ਸੁੱਖਣਾ ਲਈ ਹੈਬਰੋਨ ਜਾਣਾ ਚਾਹੁੰਦਾ ਹੈ[38] ਜਿਹੜੀ ਉਸ ਨੇ ਉਸ ਵੇਲੇ ਸੁੱਖੀ ਸੀ ਜਦ ਉਹ ਆਪਣੇ ਨਾਨੇ ਕੋਲ ਰਹਿ ਰਿਹਾ ਸੀ, ਆਪਣੀ ਅਸਲੀ ਮੰਸ਼ਾ ਛੁਪਾ ਲਈ।[39] ਅਬਸ਼ਾਲੋਮ ਨੂੰ ਸੀਰੀਆ ਤੋਂ ਆਏ ਛੇ ਤੋਂ ਵੱਧ ਸਾਲ ਹੋ ਚੁੱਕੇ ਸਨ, ਇਸ ਕਰਕੇ ਉਹ ਕਾਲਪਨਿਕ ਕਹਾਣੀ ਸੀ, ਪਰ ਦਾਊਦ ਨੂੰ ਸਹਿਜੇ ਹੀ ਛਲਿਆ ਜਾਂਦਾ ਰਿਹਾ।[40] ਦਾਊਦ ਨੇ ਕਿਹਾ, ''ਸੁੱਖੀ ਸਾਂਦੀ ਜਾਹ'' (15:9)। ਇਹ ਸ਼ਬਦ, ਜਿਹੜੇ ਆਪਣੇ ਪੁੱਤਰ ਨੂੰ ਕਹੇ ਉਸ ਦੇ ਆਖ਼ਰੀ ਸ਼ਬਦ ਸਨ, ਇਸ ਲਈ ਵਿਅੰਗਾਤਮਕ ਹੈ ਕਿ ਅਬਸ਼ਾਲੋਮ ਦੇ ਚਲੇ ਜਾਣ ਦੇ ਬਾਅਦ ਨਾ ਉਸ ਨੂੰ, ਨਾ ਦਾਊਦ ਨੂੰ, ਨਾ ਦੇਸ਼ ਨੂੰ ਸ਼ਾਂਤੀ ਸੀ।

ਧਾੜਵੀਆਂ ਨੂੰ ਪੂਰੇ ਦੇਸ਼ ਵਿਚ ਭੇਜ ਦਿੱਤਾ ਗਿਆ, ਅਤੇ ਹੈਬਰੋਨ ਵਿਚ ਇਕ ਬਹੁਤ ਵੱਡੀ ਭੀੜ ਜਮ੍ਹਾ ਹੋਈ। ਨਰਸਿੰਗੇ ਵੱਜਦਿਆਂ ਹੀ, ਉਹ ਸਭ ਪੁਕਾਰ ਉੱਠੇ, ''ਅਬਸ਼ਾਲੋਮ ਹੈਬਰੋਨ ਦਾ ਰਾਜਾ ਹੋਇਆ'' (15:10)।[41]

''ਤਦ ਇਕ ਸੂਹੀਏ ਨੇ ਦਾਊਦ ਨੂੰ ਆਣ ਦੱਸਿਆ ਭਈ ਇਸਰਾਏਲ ਦੇ ਮਨੁੱਖਾਂ ਦੇ ਮਨ ਅਬਸ਼ਾਲੋਮ ਦੇ ਮਗਰ ਲੱਗੇ ਹੋਏ ਹਨ'' (15:13)। ਦਾਉਦ ਦਾ ਸਭ ਤੋਂ ਭਰੋਸੇਯੋਗ ਸਲਾਹਕਾਰ ਅਹੀਥੋਫਲ ਵੀ ਅਬਸ਼ਾਲੋਮ ਨਾਲ ਰਲ ਗਿਆ।[42] ਦਾਊਦ ਦਾ ਬੇੜਾ ਗਰਕ ਹੋ ਚੁੱਕਿਆ ਸੀ। ਤਲਵਾਰ ਵੱਢਦੀ ਅਤੇ ਜਖ਼ਮੀ ਕਰਦੀ ਗਈ।

> ਸੋ ਦਾਊਦ ਨੇ ਆਪਣੇ ਨਾਲ ਦੇ ਸਾਰੇ ਟਹਿਲੂਆਂ ਨੂੰ ਜੋ ਯਰੂਸ਼ਲਮ ਵਿਚ ਸਨ ਆਖਿਆ, ਉੱਠੋ, ਭੱਜ ਚੱਲੀਏ, ਨਹੀਂ ਤਾਂ ਅਬਸ਼ਾਲੋਮ ਦੇ ਹੱਥੋਂ ਅਸੀਂ ਨਾ ਬਚਾਂਗੇ! ਛੇੱਤੀ ਤੁਰੋ, ਅਜਿਹਾ ਨਾ ਹੋਵੇ ਜੋ ਅਚਣਚੇਤ ਹੀ ਸਾਨੂੰ ਫੜ ਲਵੇ ਅਤੇ ਸਾਡੇ ਉੱਤੇ ਬਦੀ ਲਿਆਵੇ ਅਤੇ ਤਲਵਾਰ ਦੀ ਧਾਰ ਨਾਲ ਸ਼ਹਿਰ ਨੂੰ ਨਾਸ ਕਰੇ (15:14)।

ਦਾਊਦ ਨੇ ਮਹਿਲ ਦੀ ਦੇਖਭਾਲ ਲਈ ਦਸ ਰਖੇਲਾਂ ਛੱਡ ਦਿੱਤੀਆਂ; ਫਿਰ ਉਹ ਅਤੇ ਉਸ ਦੇ ਸ਼ਾਹੀ ਸੇਵਕ ਨਗਰ ਤੋਂ ਚਲੇ ਗਏ। ਦਾਊਦ ਦੀ ਜ਼ਿੰਦਗੀ ਦਾ ਇਹ ਸਭ ਤੋਂ ਤਰਸਯੋਗ ਸਮਾਂ ਸੀ:

> ਤਦ ਬਾਦਸ਼ਾਹ ਨਿੱਕਲਿਆ ਅਤੇ ਉਹ ਦਾ ਸਾਰਾ ਟਬੱਰ ਉਹ ਦੇ ਮਗਰ ਲੱਗਾ ... ਅਤੇ ਸਾਰਾ ਦੇਸ ਭੁੱਬਾਂ ਮਾਰ ਮਾਰ ਰੋਇਆ ਅਤੇ ਸਭ ਲੋਕ *[ਨਾਲੇ ਦੇ]* ਪਾਰ ਹੋ ਗਏ। ਬਾਦਸ਼ਾਹ ਆਪ ਕਿਦਰੋਨ ਨਦੀ ਦੇ ਪਾਰ ਗਿਆ ਅਤੇ ਸਭ ਲੋਕ ਪਾਰ ਲੰਘ ਕੇ ਉਜਾੜ ਦੇ ਰਾਹ ਪਏ। ਦਾਊਦ ਜ਼ੈਤੂਨ ਦੇ ਪਹਾੜ ਦੀ ਚੜ੍ਹਾਈ ਦੇ ਰਾਹ ਗਿਆ ਅਤੇ ਚੜ੍ਹਦੀ ਵੇਰ ਰੌਂਦਾ ਸੀ ਅਤੇ ਸਿਰ ਢਕਿਆ ਹੋਇਆ ਅਰ ਪੈਰੋਂ ਨੰਗਾ ਸੀ। ਉਸ ਦੇ ਨਾਲ ਦੇ ਸਭਨਾਂ ਲੋਕਾਂ ਨੇ ਆਪਣੇ ਸਿਰ ਢੱਕ ਲਏ ਅਤੇ ਚੜ੍ਹਦੇ ਜਾਂਦੇ ਸਨ ਅਤੇ ਚੜ੍ਹਦੀ ਵੇਰੀ ਰੋਂਦੇ ਸਨ (15:16, 23, 30)।

ਭੱਜਣ ਦੇ ਪਿੱਛੇ ਦਾਊਦ ਕੋਲ ਕਈ ਕਾਰਣ ਸਨ, ਉਹ ਖ਼ੁਦਾ ਦੇ ਸ਼ਹਿਰ ਵਿਚ ਲਹੂ ਨਹੀਂ ਵਗਣ ਦੇਣਾ ਚਾਹੁੰਦਾ ਸੀ। ਉਹ ਸ਼ਹਿਰ ਨੂੰ ਸੁਰੱਖਿਅਤ ਰੱਖਣਾ ਚਾਹੁੰਦਾ ਸੀ। ਲਿਖਤ ਦੇ ਸਾਡੇ ਹਵਾਲੇ ਤੋਂ ਭਾਵ ਹੈ ਕਿ ਉਸ ਦੇ ਭੱਜ ਜਾਣ ਦਾ ਮੁੱਖ ਕਾਰਣ ਇਹ ਸੀ ਕਿ ਉਹ ਡਰਦਾ ਸੀ: ''ਸੋ ਦਾਊਦ ਨੇ ਆਪਣੇ ਨਾਲ ਦੇ ਸਾਰੇ ਟਹਿਲੂਆਂ ਨੂੰ ਜੋ ਯਰੂਸ਼ਲਮ ਵਿਚ ਸਨ ਆਖਿਆ, ਉੱਠੋ, ਭੱਜ ਚੱਲੀਏ, ਨਹੀਂ ਤਾਂ ਅਬਸ਼ਾਲੋਮ ਦੇ ਹੱਥੋਂ ਅਸੀਂ ਨਾ ਬਚਾਂਗੇ! ਛੇਤੀ ਤੁਰੋ, ਅਜਿਹਾ ਨਾ ਹੋਵੇ ਜੋ ਅਚਣਚੇਤ ਹੀ

ਸਾਨੂੰ ਫੜ ਲਵੇ'' (15:14)।[43] ਬਥਸ਼ਬਾ ਨਾਲ ਪਾਪ ਤੋਂ ਪਹਿਲਾਂ ਅਜਿਹਾ ਜਵਾਬ ਨਹੀਂ ਦਿੰਦਾ ਸੀ।[44] ਉਹ ਦੀ ਜ਼ਿੰਦਗੀ ਵੱਸੋਂ ਬਾਹਰ ਸੀ ਅਤੇ ਉਹ ਆਪਣੇ ਫ਼ੈਸਲੇ ਦੂਜਿਆਂ ਨੂੰ ਕਰਨ ਦੇਣ ਦੀ ਇਜਾਜ਼ਤ ਦੇ ਰਿਹਾ ਸੀ।

ਕੁਝ ਸਮੇਂ ਬਾਅਦ ਹੀ ਅਬਸ਼ਾਲੋਮ ਅਤੇ ਉਸ ਦੀ ਫ਼ੌਜ ਯਰੂਸ਼ਲਮ ਵਿਚ ਚੜ੍ਹ ਆਈ। ਅਬਸ਼ਾਲੋਮ ਹੈਰਾਨ ਰਹਿ ਗਿਆ ਹੋਵੇਗਾ ਕਿ ਐਨੀ ਅਸਾਨੀ ਨਾਲ ਜਿੱਤ ਮਿਲ ਗਈ। ਉਸ ਨੇ ਲੜਾਈ ਦੇ ਬਾਅਦ ਦੀ ਯੋਜਨਾ ਨਹੀਂ ਬਣਾਈ ਸੀ, ਉਸ ਨੇ ਲੜਨ ਦਾ ਸੋਚਿਆ ਸੀ। ਉਸ ਨੇ ਅਹੀਥੋਫਲ (ਆਪਣੇ ਬਾਪ ਦੇ ਸਾਬਕਾ ਅਤੇ ਆਪਣੇ ਮੌਜੂਦਾ ਸਲਾਹਕਾਰ [2 ਸਮੂਏਲ 16:23]) ਨੂੰ ਪੁੱਛਿਆ ਨੇ ਕਿਹਾ, ''[ਅੱਗੇ] ਕੀ ਕਰਨਾ ਚਾਹੀਦਾ ਹੈ''? (16:20)। ਅਹੀਥੋਫਲ ਨੇ ਕਿਹਾ, ''ਜਿਨ੍ਹਾਂ ਨੂੰ ਉਹ ਘਰ ਦੀ ਰਾਖੀ ਕਰਨ ਲਈ ਛੱਡ ਗਿਆ ਹੈ ਆਪਣੇ ਪਿਤਾ ਦੀਆਂ ਉਨ੍ਹਾਂ ਸੁਰੀਤਾਂ ਦੇ ਨਾਲ ਭੋਗ ਕਰੋ'' (16:21)। ਇਹ ਕੰਮ ਕਰਕੇ ਅਬਸ਼ਾਲੋਮ ਨੇ ਲੋਕਾਂ ਵਿਚ ਤਿੰਨ ਗੱਲਾਂ ਵਿਖਾਉਣੀਆਂ ਸਨ; ਬਾਦਸ਼ਾਹ ਦੇ ਤਯਰ ਤੇ ਉਸ ਨੇ ਆਪਣੇ ਬਾਪ ਦੀ ਥਾਂ ਲੈ ਲਈ ਹੈ, ਉਸ ਨੂੰ ਆਪਣੇ ਪਿਓ ਦਾ ਡਰ ਨਹੀਂ ਹੈ, ਅਤੇ ਉਸ ਦੇ ਅਤੇ ਦਾਊਦ ਦੇ ਸਭ ਰਿਸ਼ਤੇ ਖ਼ਤਮ ਹੋ ਗਏ ਹਨ।[45] ''ਸੋ ਉਨ੍ਹਾਂ ਨੇ ਹਵੇਲੀ ਦੀ ਛੱਤ ਉੱਤੇ ਅਬਸ਼ਾਲੋਮ ਦੇ ਲਈ ਤੰਬੂ ਲਾਇਆ ਅਤੇ ਅਬਸ਼ਾਲੋਮ ਨੇ ਸਾਰੇ ਇਸਰਾਏਲ ਦੇ ਵੇਖਦਿਆਂ ਤੇ ਆਪਣੇ ਪਿਤਾ ਦੀਆਂ ਸੁਰੀਤਾਂ ਦੇ ਨਾਲ ਸੰਗ ਕੀਤਾ'' (16:22)।

ਬੀਜਣ ਅਤੇ ਵੱਢਣ ਦੇ ਦੋ ਨਿਯਮ ਯਾਦ ਰੱਖੋ: ਤੁਸੀਂ ਉਹੀ ਵੱਢੋਗੇ, ਸਗੋਂ ਉਸ ਨਾਲੋਂ ਵੀ ਬਹੁਤਾ ਵੱਢੋਗੇ। ਦਾਊਦ ਦਾ ਵਿਭਚਾਰ ਇਕ ਔਰਤ ਨਾਲ ਸੀ ਤਾਂ ਅਬਸ਼ਾਲੋਮ ਦਾ ਦਸ ਔਰਤਾਂ ਨਾਲ ਸੀ। ਦਾਊਦ ਦਾ ਵਿਭਚਾਰ ਗੁਪਤ ਵਿਚ ਸੀ ਤਾਂ ਅਬਸ਼ਾਲੋਮ ਦਾ ਸ਼ਰੇਆਮ, ''ਸਭ ਇਸਰਾਏਲੀਆਂ ਦੇ ਵੇਂਹਦੇ।'' ਇੰਜ ਦਾਊਦ ਦੇ ਪਾਪ ਦੇ ਬਾਅਦ ਦੇ ਨਤੀਜੇ ਦੇ ਸਬੰਧ ਵਿਚ ਸਭ ਤੋਂ ਭਿਅੰਕਰ ਨਬੂਵਤ ਪੂਰੀ ਹੋਈ।

> ਯਹੋਵਾਹ ਐਉਂ ਆਖਦਾ ਹੈ ਭਈ ਵੇਖ ਮੈਂ ਇਕ ਬਦੀ ਨੂੰ ਤੇਰੇ ਆਪਣੇ ਘਰ ਵਿੱਚੋਂ ਹੀ ਤੇਰੇ ਉੱਤੇ ਪਾਵਾਂਗਾ ਅਤੇ ਮੈਂ ਤੇਰੀਆਂ ਪਤਨੀਆਂ ਨੂੰ ਲੈ ਕੇ ਤੇਰੀਆਂ ਅੱਖੀਆਂ ਦੇ ਸਾਹਮਣੇ ਤੇਰੇ ਗੁਆਂਢੀ ਨੂੰ ਦਿਆਂਗਾ ਅਤੇ ਉਹ ਇਸ ਸੂਰਜ ਦੇ ਸਾਹਮਣੇ ਤੇਰੀਆਂ ਪਤਨੀਆਂ ਦੇ ਨਾਲ ਸੰਗ ਕਰੇਗਾ (2 ਸਮੂਏਲ 12:11)।

ਮੈਂ ਅਬਸ਼ਾਲੋਮ ਨੂੰ ਤੰਬੂ ਦੇ ਬਾਹਰ ਛੱਤ ਤੇ ਆਉਂਦੇ ਵੇਖ ਸਕਦਾ ਹਾਂ। ਜਦ ਉਹ ਭੀੜ ਵੱਲ ਵੇਖ ਕੇ ਮੁਸਕਰਾ ਪਿਆ, ਜਿੱਤ ਵਿਚ ਆਪਣੇ ਹੱਥ ਉੱਪਰ ਹਿਲਾਉਂਦਾ ਹੈ। ਆਪਣੇ ਬਾਪ ਦੀ ਹਰ ਗੱਲ ਦਾ ਵਿਰੋਧ ਕਰਕੇ ਉਸ ਦੇ ਮਨ ਵਿਚ ਆਪਣੇ ਬਾਪ ਦੇ ਪ੍ਰਤੀ ਕਿੰਨੀ ਦੁਸ਼ਮਣੀ ਅਤੇ ਨਰਾਜ਼ਗੀ ਸੀ।[46]

ਮੈਨੂੰ ਇਥੇ ਇਸ ਜਵਾਨ ਬਾਗੀ ਨੂੰ ਕੁਝ ਕਹਿਣ ਲਈ ਰੁਕਣਾ ਹੋਵੇਗਾ: ਅਬਸ਼ਾਲੋਮ ਇਹ ਠੀਕ ਹੈ ਕਿ ਤੇਰੇ ਪਿਓ ਨੇ ਬਾਪ ਹੋਣ ਦਾ ਆਪਣਾ ਫ਼ਰਜ਼ ਨਹੀਂ ਨਿਭਾਇਆ। ਇਹ ਸਹੀ ਹੈ ਕਿ ਉਹ ਪਾਪ ਵਿਚ ਗੁਆਚ ਗਿਆ ਅਤੇ ਆਪਣੇ ਪਾਪ ਨੂੰ ਲੁਕਾਉਣ ਵਾਸਤੇ ਕਈ ਪਾਪ ਕੀਤੇ। ਇਹ ਸਹੀ ਹੈ ਕਿ ਉਸ ਨੇ ਤੇਰੇ ਯਰੂਸ਼ਲਮ ਵਿਚ ਪਰਤਣ ਤੋਂ ਬਾਅਦ ਤੈਨੂੰ ਮਿਲਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਪਰ ਇਸ ਨਾਲ ਕੀ ਤੇਰਾ ਇਹ ਕੰਮ ਜਾਇਜ਼ ਹੈ?

ਅਬਸ਼ਾਲੋਮ ਦੇ ਚਿਹਰੇ ਦੀ ਖੁਸ਼ੀ ਗਾਇਬ ਹੋ ਗਈ, ਉਹ ਗਰਜਦਾ ਹੋਇਆ ਆਖੇਗਾ, ''ਹਾਂ, ਹਜ਼ਾਰ ਵਾਰ ਕਰਾਂਗਾ, ਹਾਂ!''

ਅਬਸ਼ਾਲੋਮ ਜ਼ਰਾ ਧਿਆਨ ਦੇਣਾ। ਮੈਂ ਘੱਟੋ ਘੱਟ ਅਠਾਰਾਂ ਹੋਰ ਮੁੰਡਿਆਂ ਨੂੰ ਜਾਣਦਾ ਹਾਂ ਜਿਹੜੇ ਇਨ੍ਹਾਂ ਹਾਲਾਤਾਂ ਵਿਚ ਓਸੇ ਘਰ ਵਿਚ ਪਏ ਰਹੇ ਅਤੇ ਉਨ੍ਹਾਂ ਵਿਰੋਧ ਨਹੀਂ ਕੀਤਾ,[47] ਜੋ ਉਸ ਸਾਜਿਸ਼ ਲਈ ਜ਼ਿੰਮੇਵਾਰ ਨਹੀਂ ਸਨ, ਜੋ ਇਸ ਬਗਾਵਤ ਵਿਚ ਅੱਗੇ ਨਹੀਂ ਸਨ।

ਜਿਹੜੀ ਗੱਲ ਅਬਸ਼ਾਲੋਮ ਨੂੰ ਸਮਝ ਨਹੀਂ ਆਈ ਉਹ ਇਹ ਸੀ ਕਿ ਉਸ ਦਾ ਪਿਓ ਉਹੀ ਵੱਢ ਰਿਹਾ ਸੀ ਜੋ ਉਸ ਨੇ ਬੀਜਿਆ ਹੋਇਆ ਸੀ। ਉਸ ਨੂੰ ਇਹ ਸਮਝ ਨਹੀਂ ਆਈ ਕਿ ਉਹੀ ਨਿਯਮ ਉਸਦੇ ਆਪਣੇ ਜੀਵਨ ਵਿਚ ਲਾਗੂ ਹੋਣਗੇ। ਉਸ ਨੂੰ ਆਪਣੀ ਪਸੰਦ ਚੁਣਨ ਦਾ ਹੱਕ ਸੀ; ਕਿਸੇ ਨੇ ਉਸ ਤੋਂ ਜ਼ਬਰਦਸਤੀ ਇਹ ਕੰਮ ਨਹੀਂ ਕਰਵਾਏ ਸਨ। ਆਪਣੀ ਜ਼ਿੰਮੇਵਾਰੀ ਉਸ ਦੀ ਆਪਣੀ ਸੀ। ਉਹ ਕਿਸੇ ਦੂਜੇ ਉੱਤੇ ਆਪਣੇ ਪਿਤਾ ਨਾਲ ਕੀਤੇ ਸਲੂਕ ਦੀ ਜ਼ਿੰਮੇਵਾਰੀ ਨਹੀਂ ਪਾ ਸਕਦਾ ਸੀ। ਧਿਆਨ ਨਾਲ ਸੁਣੋ: ਜੋ ਤੁਸੀਂ ਵੱਢੋਗੇ ਉਹੀ ਮੁੜ ਬੀਜੋਗੇ।

ਭਲਾ ਮੈਂ ਸਹੀ ਕਿਹਾ? ਮੈਂ ਤੁਹਾਨੂੰ ਯਕੀਨ ਦੁਆਉਂਦਾ ਹਾਂ ਕਿ ਅਗਰ ਅਬਸ਼ਾਲੋਮ ਅੱਜ ਇੱਥੇ ਖੜਾ ਹੁੰਦਾ ਤਾਂ ਉਹ ਕਹਿੰਦਾ, ''ਆਮੀਨ, ਇਹ ਬਿਲਕੁਲ ਸੱਚ ਹੈ!'' ਕਹਾਣੀ ਦੇ ਅੰਤ ਬਾਰੇ ਸੁਣੋ:

## ਸਾਹਮਣਾ ਕਰਨਾ (18:1-33)

ਅਧਿਆਇ 18 ਵਿਚ ਦਾਊਦ ਦੀ ਫ਼ੌਜ ਨੇ ਅਬਸ਼ਾਲੋਮ ਦੀ ਫ਼ੌਜ ਦਾ ਸਾਹਮਣਾ ਕਰਨ ਦੀ ਤਿਆਰੀ ਕੀਤੀ। ਦਾਊਦ ਨੇ ਆਪਣੀ ਫ਼ੌਜ ਦੀ ਅਗਵਾਈ ਕਰਨ ਵਾਲਿਆਂ ਨੂੰ ਕਿਹਾ, ''ਭਈ ਮੇਰੇ ਕਾਰਨ ਉਸ ਜੁਆਨ ਅਬਸ਼ਾਲੋਮ ਨਾਲ ਨਰਮ ਵਰਤਾਓ ਕਰਨਾ'' (ਆਇਤ 5, ਜ਼ਬੂਰ 103:13 ਓ ਵਿਚ ਦਾਊਦ ਦੇ ਸ਼ਬਦ ਵੇਖੋ)।

ਲੜਾਈ ਸ਼ੁਰੂ ਹੋ ਗਈ। ਵੀਹ ਹਜ਼ਾਰ ਆਦਮੀ ਮਾਰੇ ਗਏ। ਬਾਗੀ ਜਵਾਨ ਅਬਸ਼ਾਲੋਮ ਨੂੰ ਇਸ ਗੱਲ ਦੀ ਪਰਵਾਹ ਨਹੀਂ ਸੀ ਕਿ ਕਿੰਨੇ ਲੋਕ ਮਰਦੇ ਹਨ, ਉਸ ਨੂੰ ਤਾਂ ਸਿਰਫ਼ ਬਾਦਸ਼ਾਹ ਬਣਨ ਦਾ ਭੂਤ ਸਵਾਰ ਸੀ। ਵੀਹ ਹਜ਼ਾਰ ਲੋਕ ਇਕ ਬੇਟੇ ਦੀ ਨਫ਼ਰਤ ਅਤੇ ਕੜਵਾਹਟ ਦੇ ਕਾਰਣ ਮਾਰੇ ਗਏ।

ਬਹੁਤਾ ਯੁੱਧ ਅਫ੍ਰੈਮ ਦੇ ਸੰਘਣੇ ਜੰਗਲਾਂ ਵਿਚ ਲੜਿਆ ਗਿਆ।[48] ਜੰਗ ਦੇ ਦੌਰਾਨ, ''ਅਬਸ਼ਾਲੋਮ ਇਕ ਖੱਚਰ ਉੱਤੇ ਸੀ , ਉਹ ਇਕ ਵੱਡੇ ਬਲੂਤ ਦੇ ਬਿਰਛ ਦੇ ਮੋਟੇ ਟਾਹਣੇ ਹੇਠੋਂ ਲੰਘੀ। ਤਦ ਉਹ ਦਾ ਸਿਰ ਬਲੂਤ ਵਿਚ ਅੜ ਗਿਆ'' (18:9)। ਮੈਂ ਨਹੀਂ ਜਾਣਦਾ ਕਿ ਅਬਸ਼ਾਲੋਮ ਦੇ ਮੋਟੇ, ਸੋਹਣੇ ਵਾਲ ਟਹਿਣੀਆਂ ਵਿਚ ਫਸੇ, ਜਾਂ ਉਸ ਦਾ ਸਿਰ ਰੁੱਖ ਦੀਆਂ ਟਹਿਣੀਆਂ ਵਿਚ ਫਸ ਗਿਆ। ਪਰ ਜੋ ਵੀ ਹੋਵੇ ਉਸ ਦੇ ਵਾਲ ਉਲਝ ਗਏ (ਨਹੀਂ ਤਾਂ ਉਹ ਛੁੱਟ ਸਕਦਾ ਸੀ)।[49] ਅੰਤ ਵਿਚ ਉਹੀ ਸੋਹਣੇ ਵਾਲ ਜਿਨ੍ਹਾਂ ਤੇ ਉਸ ਨੂੰ ਘਮੰਡ ਸੀ ਉਸ ਦੇ ਨਾਸ ਦਾ ਕਾਰਣ ਬਣ ਗਏ। ''ਅਤੇ ਉਹ ਅਕਾਸ਼ ਅਤੇ ਧਰਤੀ ਦੇ ਵਿਚਕਾਰ ਲਮਕਦਾ ਰਹਿ ਗਿਆ ਅਰ ਖੱਚਰ ਉਹ ਦੇ ਹੇਠੋਂ ਨਿੱਕਲ ਕੇ ਚੱਲੀ ਗਈ'' (18:9)। ਉਹ ਵਿਚਕਾਰ ਲਮਕ ਗਿਆ, ਉਸ ਦੇ ਹੱਥ ਮੌਤ ਦੀ ਪਕੜ ਵਿੱਚੋਂ ਛੁੱਟਣ ਦੀ ਕੋਸ਼ਿਸ਼ ਵਿਚ, ਟਹਿਣੀਆਂ ਨਾਲ ਬੁਰੀ ਤਰ੍ਹਾਂ ਛਿੱਲੇ ਗਏ।[50]

ਇਕ ਸਿਪਾਹੀ ਨੇ ਜਾ ਕੇ ਯੋਆਬ ਨੂੰ ਅਬਸ਼ਾਲੋਮ ਦੀ ਹਾਲਤ ਬਾਰੇ ਸੁਣਾਇਆ। ਮੋਆਬ ਚੀਕ ਉੱਠਿਆ, ''ਉਹ ਨੂੰ ਮਾਰ ਕੇ ਧਰਤੀ ਉੱਤੇ ਕਿਉਂ ਨਾ ਸੁੱਟ ਪਾਇਆ?'' (18:11)। ਆਦਮੀ ਨੇ ਸਿਰ ਮਾਰਿਆ। ''ਕਿਉਂ ਜੋ ਬਾਦਸ਼ਾਹ ਨੇ ਅਸਾਂ ਲੋਕਾਂ ਦੇ ਸੁਣਦਿਆਂ ਤੈਨੂੰ ਅਤੇ ਅਬੀਸ਼ਈ ਅਤੇ ਇਤਈ ਨੂੰ ਤਕੀਦ ਨਾਲ ਆਖਿਆ ਸੀ ਭਈ ਧਿਆਨ ਰੱਖਣਾ ਜੋ ਅਬਸ਼ਾਲੋਮ ਜੁਆਨ ਨੂੰ ਕੋਈ ਨਾ ਛੂਹੋ!'' (18:12)।

ਗੁੱਸੇ ਵਿਚ ਭਰਿਆ ਯੋਆਬ ਓਧਰ ਨੂੰ ਨੱਸਾ ਜਿੱਧਰ ਅਬਸ਼ਾਲੋਮ ਸੀ। ਬਥਸ਼ਬਾ ਨਾਲ ਦਾਊਦ ਦੇ ਪਾਪ ਤੋਂ ਪਹਿਲਾਂ ਯੋਆਬ ਨੇ ਬਾਦਸ਼ਾਹ ਦੇ ਕਿਸੇ ਹੁਕਮ ਨੂੰ ਤੋੜਨ ਦੀ ਸੋਚੀ ਵੀ ਨਹੀਂ ਸੀ ਹੋਵੇਗੀ। ਪਰ ਹੁਣ ਇਸ ਜਰਨੈਲ ਨੇ ਕੋਈ ਝਿਜਕ ਨਹੀਂ ਵਿਖਾਈ। ਉਸ ਨੇ ਅਬਸ਼ਾਲੋਮ ਦੇ ਦਿਲ ਵਿਚ ਤਿੰਨ ਬਰਛੇ ਮਾਰੇ।[51] ਫਿਰ ਯੋਆਬ ਦੇ ਹਥਿਆਰ ਢੋਣ ਵਾਲਿਆਂ ਨੇ ਆਪਣੇ ਬਰਛੇ ਅਬਸ਼ਾਲੋਮ ਦੇ ਕੰਬਦੇ ਜਿਸਮ ਵਿਚ ਮਾਰੇ ਜਿਸ ਨਾਲ ਉਹ ਆਦਮੀ ਘੱਟ ਪਰ ਕਿੱਲਾਂ ਦੀ ਸੇਜ ਬਹੁਤਾ ਲੱਗਣ ਲੱਗਾ।

ਅਬਸ਼ਾਲੋਮ ਜੋ ਕੁਝ ਮੈਂ ਤੈਨੂੰ ਕਿਹਾ ਸੀ, ਤੂੰ ਸੁਣਿਆ ਸੀ? ਕੀ ਤੈਨੂੰ ਇਹ ਅੰਦਾਜ਼ਾ ਸੀ ਕਿ ਜਦ

ਤੂੰ ਆਪਣੇ ਪਿਤਾ ਦੇ ਖ਼ਿਲਾਫ਼ ਹਿੰਸਕ ਸਾਜ਼ਿਸ਼ ਰਚੇਂਗਾ ਤਾਂ ਤੇਰਾ ਕੀ ਹਾਲ ਹੋਵੇਗਾ? ''ਮਨੁੱਖ ਜੋ ਬੀਜਦਾ ਹੈ ਉਹੀਓ ਵੱਢਦਾ ਹੈ।''

ਹਲਕਾਰਿਆਂ ਨੇ ਆਣ ਕੇ ਦਾਊਦ ਨੂੰ ਲੜਾਈ ਦਾ ਹਾਲ ਸੁਣਾਇਆ। ਉਸ ਨੇ ਕਿਸੇ ਤੋਂ ਨਹੀਂ ਪੁੱਛਿਆ ਕਿ ''ਕੌਣ ਜਿੱਤਿਆ? ਕੌਣ ਹਾਰਿਆ? ਕਿੰਨੇ ਲੋਕ ਮਾਰੇ ਗਏ?'' ਸਗੋਂ ਉਸ ਨੇ ਆਉਣ ਵਾਲੇ ਪਹਿਲੇ ਹੀ ਬੰਦ ਤੋਂ ਇਹ ਪੁੱਛਿਆ, ''ਕੀ ਉਹ ਜਵਾਨ ਅਬਸ਼ਾਲੋਮ ਸੁੱਖ ਨਾਲ ਹੈ?'' (18:29)। ਜਦ ਦੂਜਾ ਪੁੱਜਾ ਤਾਂ ਉਸ ਤੋਂ ਫੇਰ ਪੁੱਛਿਆ, ''ਭਈ ਅਬਸ਼ਾਲੋਮ ਜੁਆਨ ਸੁੱਖ ਨਾਲ ਹੈ?'' (18:32)। ਦੂਜੇ ਕਾਸਦ ਨੇ ਜਵਾਬ ਦਿੱਤਾ, ''ਮੇਰੇ ਮਹਾਰਾਜ, ਬਾਦਸ਼ਾਹ ਦੇ ਵੈਰੀ ਅਤੇ ਓਹ ਸੱਭੋ ਜੋ ਬਾਦਸ਼ਾਹ ਦੇ ਵਿਰੋਧ ਵਿਚ ਤੁਹਾਡੇ ਉੱਤੇ ਔਖ ਦੇਣ ਨੂੰ ਉੱਠਦੇ ਹਨ ਸੋ ਓਸੇ ਜੁਆਨ ਵਰਗੇ ਹੋ ਜਾਣ'' (18:32)। ਦੂਜੇ ਸ਼ਬਦਾਂ ਵਿਚ ''ਤੁਹਾਡਾ ਬੇਟਾ ਮਰ ਗਿਆ ਹੈ!''

ਇਹ ਤਾਂ ਇਵੇਂ ਸੀ ਜਿਵੇਂ ਅਬਸ਼ਾਲੋਮ ਦੇ ਦਿਲ ਵਿਚ ਲੱਗਣ ਵਾਲੇ ਬਰਛੇ ਦਾਊਦ ਦੇ ਮਨ ਵਿਚ ਜਾ ਵੱਜੇ ਹੋਣ। ਫਿਰ ਸਾਨੂੰ ਬਾਈਬਲ ਵਿਚ ਸਭ ਤੋਂ ਦੁਖਦ ਸ਼ਬਦਾਂ ਵਿੱਚੋਂ ਕੁਝ ਮਿਲਦੇ ਹਨ, ਜਿਹੜੇ ਕਿਸੇ ਵੀ ਵਿਵੇਕੀ ਬਾਪ ਦੇ ਮਨ ਵਿਚ ਬਾਰ ਬਾਰ ਆਉਂਦੇ ਹਨ:

> ਤਦ ਬਾਦਸ਼ਾਹ ਕੰਬ ਉੱਠਿਆ ਅਤੇ ਉਸ ਚੁਬਾਰੇ ਵਿਚ ਜੋ ਡਿਉੜ੍ਹੀ ਦੇ ਉੱਤੇ ਸੀ ਰੋਂਦਾ ਰੋਂਦਾ ਚੜ੍ਹ ਗਿਆ ਅਤੇ ਚੜ੍ਹਦੀ ਵੇਰ ਇਉਂ ਆਖਦਾ ਜਾਂਦਾ ਸੀ, ਹਾਏ ਮੇਰੇ ਪੁੱਤਰ ਅਬਸ਼ਾਲੋਮ! ਹੇ ਮੇਰੇ ਪੁੱਤਰ, ਮੇਰੇ ਪੁੱਤਰ ਅਬਸ਼ਾਲੋਮ! ਚੰਗਾ ਹੁੰਦਾ ਜੋ ਕਦੀ ਮੈਂ ਤੇਰੇ ਥਾਂ ਮਰਦਾ! ਹੇ ਅਬਸ਼ਾਲੋਮ, ਮੇਰੇ ਪੁੱਤਰ ਮੇਰੇ ਪੁੱਤਰ! (18:33)।

ਹੇ ਪਿਤਾਓ, ਅਗਰ ਤੁਸੀਂ ਆਪਣੇ ਬੱਚਿਆਂ ਨੂੰ ਸਮਾਂ ਨਹੀਂ ਦੇ ਰਹੇ ਹੋ, ਅਗਰ ਤੁਸੀਂ ਪਿਤਾ ਦੇ ਫ਼ਰਜ਼ ਨਹੀਂ ਨਿਭਾ ਰਹੇ ਹੋ, ਤਾਂ ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਆਪਣੇ ਬੇਟਿਆਂ ਅਤੇ ਬੇਟੀਆਂ ਨਾਲ ਕੀ ਕਰ ਰਹੇ ਹੋ? ਹੇ ਬੱਚਿਓ, ਤੁਹਾਡੇ ਮਨ ਵਿਚ ਜਿਹੜੀ ਆਪਣੇ ਮਾਂ ਪਿਓ ਪ੍ਰਤੀ ਕੜਵਾਹਟ ਹੈ, ਅਤੇ ਕੀ ਤੁਹਾਨੂੰ ਇਹ ਅਹਿਸਾਸ ਹੈ ਕਿ ਤੁਸੀਂ ਆਪਣੇ ਮਾਤਾ ਪਿਤਾ ਦਾ ਦਿਲ ਚੀਰ ਰਹੇ ਹੋ?

ਦੋ ਜਾਂ ਤਿੰਨ ਗਵਾਹਾਂ ਦੇ ਮੂੰਹ ਵਿੱਚੋਂ ਨਿਕਲੀ ਗੱਲ, ਸੱਚ ਮੰਨੀ ਜਾਂਦੀ ਹੈ। ਅਬਸ਼ਾਲੋਮ ਮੇਰੇ ਸੱਜੇ ਪਾਸੇ ਹੈ। ਦਾਊਦ ਮੇਰੇ ਖੱਬੇ ਪਾਸੇ ਹੈ।[52] ਧਿਆਨ ਦਿਓ ਕਿ ਉਹ ਪੌਲੁਸ ਦੀ ਭਾਵਨਾ ਨੂੰ ਵਿਖਾ ਰਹੇ ਹਨ: ''ਮਨੁੱਖ ਜੋ ਬੀਜਦਾ ਹੈ ਉਹੀ ਵੱਢੇਗਾ''– ਮਾਫ਼ੀ ਦੇ ਬਾਵਜੂਦ।

## ਸਾਰ

ਮੈਂ ਜਾਣਦਾ ਹਾਂ ਕਿ ਸਾਡੇ ਵਿੱਚੋਂ ਕੋਈ ਵੀ ਸਿੱਧ ਨਹੀਂ ਹੈ। ਮੈਂ ਜਾਣਦਾ ਹਾਂ ਕਿ ਪੂਰੀ ਕੋਸ਼ਿਸ਼ ਕਰਨ ਦੇ ਬਾਵਜੂਦ ਕਰਨ ਦੇ ਬਾਵਜੂਦ ਅਸੀਂ ਪਾਪ ਕਰ ਹੀ ਜਾਂਦੇ ਹਾਂ। ਫਿਰ ਵੀ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਖ਼ੁਦਾ ਦੀ ਮਦਦ ਨਾਲ ਜਿੱਥੇ ਤਕ ਸੰਭਵ ਹੋ ਸਕੇ ਅਜ਼ਮਾਇਸ਼ ਤੋਂ ਬਚੀਏ ਅਤੇ ਆਪਣੇ ਮਨਾਂ ਵਿੱਚੋਂ ਪਾਪ ਨੂੰ ਕੱਢ ਸੁੱਟੀਏ। ਗਲਾਤੀਆਂ 6:7, 8 ਦੇ ਸੰਦੇਸ਼ ਨੂੰ ਮਨ ਵਿਚ ਬਿਠਾ ਲਓ। ਦਾਊਦ ਦੇ ਪਾਪ ਅਤੇ ਉਸ ਦੇ ਨਤੀਜਿਆਂ ਦੇ ਸੰਦੇਸ਼ ਨੂੰ ਦਿਲ ਵਿਚ ਬਿਠਾ ਲਈਏ। ਪਾਪ ਤੁਹਾਡਾ ਜੀਵਨ ਬਰਬਾਦ ਕਰੇਗਾ। ਇਹ ਤੁਹਾਨੂੰ ਉਨ੍ਹਾਂ ਲੋਕਾਂ ਤੋਂ ਦੂਰ ਕਰ ਦਵੇਗਾ ਜਿਨ੍ਹਾਂ ਨੂੰ ਤੁਸੀਂ ਪਿਆਰ ਕਰਦੇ ਹੋ। ਇਹ ਤੁਹਾਡੇ ਜੀਵਨ ਦੀ ਸਭ ਤੋਂ ਕੀਮਤੀ ਅਤੇ ਸੋਹਣੀਆਂ ਗੱਲਾਂ ਦਾ ਨਾਸ ਕਰ ਦਵੇਗਾ। ਹੇ ਪਰਮੇਸ਼ੁਰ ਸਾਡੀ ਮਦਦ ਕਰ, ਅਸੀਂ ਭਾਵੇਂ ਮਾਂ ਪਿਓ ਹੋਈਏ ਜਾਂ ਬੱਚੇ, ਸਾਨੂੰ ਉਵੇਂ ਹੀ ਬਣਾ ਜਿਵੇਂ ਸਾਨੂੰ ਹੋਣਾ ਚਾਹੀਦਾ ਹੈ।

ਅੰਤ ਵਿਚ, ਮੈਂ ਮੁੜ ਜ਼ੋਰ ਦਿੰਦਾ ਹਾਂ ਕਿ ਭਾਵੇਂ ਅਸੀਂ ਆਪਣੇ ਪਾਪਾਂ ਦੇ ਨਤੀਜਿਆਂ ਨੂੰ ਨਹੀਂ ਮਿਟਾ ਸਕਦੇ ਹਾਂ, ਪਰ ਖ਼ੁਦਾ ਸਾਡੇ ਦੋਸ਼ ਮਿਟਾ ਦਵੇਗਾ, ਫਿਰ ਸਾਨੂੰ ਉਨ੍ਹਾਂ ਅੰਜਾਮਾਂ ਨੂੰ ਸਹਿ ਸਕਣ

ਦੀ ਸਮਰਥ ਦਵੇਗਾ, ਅਖੀਰ ਅਸੀਂ ਆਪਣੇ ਆਪ ਨੂੰ ਦੀਨ ਬਣਾ ਕੇ ਉਸ ਵੱਲ ਪਰਦੇ ਹਾਂ। ਅਗਰ ਤੁਹਾਡੇ ਜੀਵਨ ਵਿਚ ਕਿਸੇ ਚੀਜ਼ ਦੀ ਕਮੀ ਹੈ, ਤਾਂ ਤੁਹਾਨੂੰ ਚਾਹੀਦਾ ਹੈ ਕਿ ਉਸ ਨੂੰ ਅੱਜ ਹੀ ਦੂਰ ਕਰੋ। ਇਸ ਨੂੰ ਦੂਰ ਕਰਨ ਵਿਚ ਦੇਰ ਨਾ ਕਰੋ। ਅੱਜ ਹੀ ਕੰਮ ਕਰੋ।

---

ਟਿੱਪਣੀਆਂ

[1]KJV ਵਿਚ ''beauty'' ਸ਼ਬਦ ਵਰਤਿਆ ਗਿਆ ਹੈ, ਜੋ ਮੂਲ ਅਨੁਵਾਦ ਹੈ। ਅੱਜ ਲੋਕ ''beautiful'' (ਖ਼ੂਬਸੂਰਤ) ਔਰਤ ਲਈ ਅਤੇ ''handsome'' (ਸੋਹਣੇ) ਆਦਮੀ ਲਈ ਵਰਤਦੇ ਹਨ ਇਸ ਕਰਕੇ ਜ਼ਿਆਦਾਤਰ ਅਨੁਵਾਦਾਂ ਵਿਚ ਬਾਅਦ ਵਾਲਾ ਸ਼ਬਦ ਹੈ। [2]ਸ਼ਾਇਦ ਤੁਹਾਨੂੰ ਸਵਾ ਤੋਂ ਦੋ ਕਿੱਲੋਂ ਵੱਜ਼ਨ ਦੀ ਕੋਈ ਚੀਜ਼ ਮਿਲ ਜਾਵੇ, ਜਦ ਮੈਂ ਕਹਾਂ, ਭਾਰੀ ਹੈ ਤੁਸੀਂ ਉਸ ਨੂੰ ਫੜੀ ਰੱਖਣਾ। ਆਪਣੇ ਮਾਮਲੇ ਵਿਚ ਮੈਂ ਆਪਣੇ ਗੰਜੇ ਸਿਰ ਉੱਤੇ ਇਕ ਥੇਲਾ ਰੱਖਦਾ ਹਾਂ ਅਤੇ ਆਖਦਾ ਹੈ, ''ਇਹ ਭਾਰਾ ਹੈ।'' ਮੈਨੂੰ ਭਾਰ ਚੁੱਕਣ ਦੀ ਆਦਤ *ਨਹੀਂ* ਹੈ ਨਾ। [3]ਸੁਰੀਤ ਰਾਣੀ ਨਹੀਂ ਹੁੰਦੀ ਸੀ। ਸੁਰੀਤ ਦਾ ਵਿਆਹ ਤਾਂ ਹੋਇਆ ਹੁੰਦਾ ਸੀ ਅਤੇ ਉਸ ਦਾ ਸਮਾਜਕ ਰੁਤਬਾ ਵੀ ਹੁੰਦਾ ਸੀ ਪਰ ਉਹ ਪਤਨੀ ਨਾਲੋਂ ਘੱਟ ਹੁੰਦੀ ਸੀ। ਉਸ ਨੂੰ ''ਦੂਜੇ ਦਰਜੇ ਦੀ ਪਤਨੀ'' ਕਿਹਾ ਜਾ ਸਕਦਾ ਹੈ। [4]2 ਸਮੂਏਲ 15:16. ਹੋਰ ਵੀ ਸਨ (2 ਸਮੂਏਲ 19:5) [5]''ਤਾਮਾਰ'' ਦਾ ਮਤਲਬ ਹੈ ''ਖ਼ਜੂਰ।'' [6]ਤੈਨੂੰ ਨਹੀਂ ਪਤਾ ਕਿ ਖੂਬਸੂਰਤ ਜਵਾਨ ਅਬਸ਼ਾਲੋਮ ਦੀ ਗਲੀ ਵਿੱਚੋਂ ਹਰ ਸਮੇਂ ਕੋਈ ਮੁੜ ਜਾਂਦਾ ਹੈ? [7]ਜੇ ਤੁਸੀਂ ਕਿਸੇ ਨਾਲ ਪਿਆਰ ਕਰਦੇ ਹੋ ਤਾਂ ਤੁਹਾਨੂੰ ਉਹਦੇ ਨਾਲ ਉਵੇਂ ਵਿਹਾਰ ਨਹੀਂ ਕਰੋਗੇ ਜਿਵੇਂ ਅਬਸ਼ਾਲੋਮ ਨੇ ਤਾਮਾਰ ਨਾਲ ਕੀਤਾ। ਸੱਚੇ ਪਿਆਰ ਅਤੇ ਇਜ਼ਤ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। [8]ਤਾਮਾਰ ਲਈ ਪਤੀ ਲੱਭਣ ਲਈ ਰਾਜੇ ਲਈ ਇਹ ਯਕੀਨ ਦੁਆਉਣਾ ਜ਼ਰੂਰੀ ਸੀ ਕਿ ਉਹ ਕੁਆਰੀ ਭਾਵ ''ਸਹੀ ਸਲਾਮਤ ਚੀਜ਼'' ਸੀ। [9]ਯੋਨਾਦਾਬ ਦਾਊਦ ਦੇ ਭਰਾ ਸਿਮਆਹ ਦਾ ਬੇਟਾ ਸੀ (2 ਸਮੂਏਲ 13:3; 1 ਸਮੂਏਲ 13:9 ਵੀ ਵੇਖੋ); ਯਾਨੀ ਯੋਨਾਦਾਬ ਦਾਊਦ ਦਾ ਭਤੀਜਾ ਅਤੇ ਅਮਨੋਨ ਦਾ ਚਚੇਰਾ ਭਰਾ ਸੀ। [10]ਦਾਊਦ ਦੇ ਯੋਨਾਥਾਨ ਨਾਲੋਂ ਇਹ ਕਿੰਨਾ ਫ਼ਰਕ ਹੈ, ਜਿਸ ਨੇ ''ਖ਼ੁਦਾ ਵਿਚ ਉਸ ਦਾ ਹੱਥ ਮਜ਼ਬੂਤ ਕੀਤਾ ਸੀ।'' ਇਕ ਨਕਲੀ ਦੋਸਤ ਤੁਹਾਨੂੰ ਉਹ ਸਭ ਪਾਉਣ ਵਿਚ ਮਦਦ ਹੋ ਸਕਦਾ ਹੈ ਜੋ ਤੁਸੀਂ ਪਾਉਣਾ ਚਾਹੁੰਦੇ ਹੋ, ਪਰ ਉਸ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੈ ਕਿ ਤੁਹਾਡੇ ਲਈ ਚੰਗਾ ਕੀ ਹੈ।

[11]ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਇਕ ਰਾਜਕੁਮਾਰੀ ਖਾਣਾ ਬਣਾਉਣਾ ਜਾਣਦੀ ਸੀ ਕਿ ਜਦਕਿ ਇਹ ਕੰਮ ਕਿਸੇ ਸੇਵਕ ਦਾ ਸੀ। ਯਹੂਦੀ ਲੋਕ ਆਪਣੇ ਬੱਚਿਆਂ ਨੂੰ ਛੋਟਾ ਮੋਟਾ ਕੰਮ ਸਿਖਾਉਣ ਵਿਚ ਯਕੀਨ ਰੱਖਣੇ ਸਨ। [12]ਤਾਮਾਰ ਦੀ ਪਹਿਲੀ ਦਲੀਲ ਮਜ਼ਬੂਤ ਸੀ ਕਿ ਖ਼ੁਦਾ ਅਤੇ ਲੋਕਾਂ ਦੀ ਨਜ਼ਰ ਵਿਚ ''ਤੇਰਾ ਇਹ ਇਰਾਦਾ ਠੀਕ ਨਹੀਂ ਹੈ।'' ਉਹਦੀਆਂ ਅਗਲੀਆਂ ਦੋ ਦਲੀਲਾਂ: ''ਮੇਰੇ ਨਾਲ ਨਾਲ ਤੂੰ ਵੀ ਬਰਬਾਦ ਹੋ ਜਾਵੇਂਗਾ'' ਵੀ ਮਜ਼ਬੂਤ ਸਨ। ਉਹਦੀ ਤੀਜੀ ਦਲੀਲ ਕਿ ਦਾਊਦ ਉਸ ਨੂੰ ਉਸ ਦੀ ਪਤਨੀ ਹੋਣ ਲਈ ਦੇ ਦਏਗਾ ਐਨੀ ਮਜ਼ਬੂਤ ਨਹੀਂ ਸੀ ਕਿਉਂਕਿ ਸ਼ਰ੍ਹਾ ਇਸ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਸੀ (ਲੇਵੀਆਂ 18:9, 11; 20:17; ਵਿਵਸਥਾਸਾਰ 27:22)। ਇਕ ਦੇ ਬਾਅਦ ਇਕ ਦਲੀਲ ਤੋਂ ਲਗਦਾ ਹੈ ਕਿ ਉਹ ਅਜਿਹੇ ਆਦਮੀ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਸੀ ਜਿਹੜਾ ਕਿਸੇ ਦਲੀਲ ਨੂੰ ਮੰਨਣ ਨੂੰ ਤਿਆਰ ਹੀ ਨਹੀਂ ਸੀ ਪਹਿਲੀ ਦਲੀਲ ਦੇ ਸਬੰਧ ਵਿਚ, ਧਿਆਨ ਦਿਓ ਕਿ ਖ਼ੁਦਾ ਦੇ ਲੋਕਾਂ ਦਾ ਸਟੈਂਡਡ ਦੂਜਿਆਂ ਨਾਲੋਂ ਉੱਚਾ ਹੋਣਾ ਜ਼ਰੂਰੀ ਹੈ: ''ਇਸਰਾਏਲ ਵਿਚ ਅਜਿਹਾ ਕੰਮ ਕਰਨਾ ਯੋਗ ਨਹੀਂ'' (13:12)। ਸੰਭਵ ਹੈ ਕਿ ਅਜਿਹਾ ਕੰਮ ਉਨ੍ਹਾਂ ਦੇ ਆਲੇ ਦੁਆਲੇ ਦੀਆਂ ਕੌਮਾਂ ਵਿਚ ਹੁੰਦਾ ਹੋਵੇਗਾ। [13]NASB ਵਿਚ ਇਸ ਟਿੱਪਣੀ Lit., a varicolored tunic ਨਾਲ ''ਲੰਮੀ ਆਸਤੀਨ ਵਾਲਾ ਕੱਪੜਾ।'' ਇਸ ਉੱਤੇ ਖ਼ੂਬਸੂਰਤ ਕਢਾਈ ਕੀਤੀ ਗਈ ਹੋਵੇਗੀ। NIV ਵਿਚ ਸ਼ਾਇਦ ਜ਼ਿਆਦਾ ਸਹੀ ਅਨੁਵਾਦ ਹੈ: ''ਸ਼ਾਨਦਾਰ ਕਢਾਈ ਵਾਲਾ ਲਿਬਾਸ''

[14]ਉਸ ਨੇ ਆਪਣੇ ਸਿਰ ਤੇ ਸੁਆਹ ਵੀ ਪਾਈ (2 ਸਮੂਏਲ 13:19) ਅਤੇ ਸਿਰ ਉੱਤੇ ਹੱਥ ਰੱਖਿਆ (ਆਇਤ 19; ਵੇਖੋ ਯਿਰਮਿਯਾਹ 2:37)। ਜੋ ਦੋਵੇਂ ਹੀ ਸੋਗ ਦੇ ਨਿਸ਼ਾਨ ਸਨ। [15]ਸਪਤਤੀ ਅਤੇ ਕਈ ਹੋਰ ਅਨੁਵਾਦਾਂ ਵਿਚ 2 ਸਮੂਏਲ 13:21 ਦੇ ਅਖ਼ੀਰ ਵਿਚ ਜੋੜਿਆ ਗਿਆ ਹੈ: ''ਅਤੇ ਉਸ ਨੇ ਆਪਣੇ ਪੁੱਤਰ ਅਮਨੋਨ ਦਾ ਮਨ ਦੁਖੀ ਨਾ ਕੀਤਾ, ਕਿਉਂਕਿ ਉਹ ਉਸ ਨਾਲ ਲਗਾਅ ਰੱਖਦਾ ਸੀ ਕਿਉਂਕਿ ਉਹ ਉਸ ਦਾ ਪਹਿਲੋਠਾ ਸੀ'' (ਵੇਖੋ NEV)। [16]ਸਹੀ ਸਹੀ ਭੁਗੋਲਿਕ ਸਥਿਤੀ ਪਤਾ ਨਹੀਂ ਹੈ। ਕੁਝ ਲੋਕਾਂ ਦਾ ਖ਼ਿਆਲ ਹੈ ਕਿ ਇਹ ਯਰੂਸ਼ਲਮ ਤੋਂ ਬਾਰਾ ਮੀਲ ਉੱਤਰ ਵੱਲ ਸੀ। [17]1 ਸਮੂਏਲ 25 ਵਿਚ ਨਾਬਾਲ ਅਤੇ ਦਾਊਦ ਦੀ ਕਹਾਣੀ ਯਾਦ ਕਰੋ। [18]ਸਪਤਤੀ ਅਤੇ ਹੋਰ ਅਨੁਵਾਦਾਂ ਵਿਚ 2 ਸਮੂਏਲ 13:27 ਦੇ ਅਖ਼ੀਰ ਵਿਚ ਜੋੜਿਆ ਗਿਆ ਹੈ, ''ਅਤੇ ਅਬਸ਼ਾਲੋਮ ਵਿਚ ਇਕ ਰਾਜੇ ਦੀ ਜ਼ਿਆਫ਼ਤ ਵਾਂਗ, ਜ਼ਿਆਫ਼ਤ ਤਿਆਰ ਕੀਤੀ'' (ਵੇਖੋ NEV)। [19]NASB ਵਿਚ ਬੇਨਤੀ ਕੀਤੀ ਹੈ, ਨਾਲ ਹੀ ਬੇਨਤੀ ਹੈ, Lit., broke through ਅਬਸ਼ਾਲੋਮ ਦੇ ਦਾਊਦ ਦੀ ਹਿਫ਼ਾਜ਼ਤ ਵਿਚ ਸ਼ੇਂਦ ਲਾ ਦਿੱਤੀ। [20]ਉਹ ਖੱਚਰਾਂ ਉੱਤੇ ਨੱਸ ਗਏ। ਇਹ ਦਾਊਦ ਦੀ ਹਕੂਮਤ ਵਿਚ ਸ਼ਾਹੀ ਲੋਕਾਂ ਲਈ ਆਮ ਪਹਾੜ ਸੀ (2 ਸਮੂਏਲ 18:9; 1 ਰਾਜਿਆਂ 1:33, 38, 44)।

[21]2 ਸਮੂਏਲ 13:37 ਕਹਿੰਦਾ ਹੈ, ''ਅਤੇ ਦਾਊਦ ਰੋਜ਼ ਦਿਹਾੜੀ ਆਪਣੇ ਪੁੱਤਰ ਦੇ ਲਈ ਸੋਗ ਕਰਦਾ ਸੀ।'' ''ਪੁੱਤਰ'' ਸੰਭਵ ਤੌਰ ਤੇ ਅਮਨੋਨ ਨੂੰ ਕਿਹਾ ਗਿਆ ਹੈ (ਆਇਤ 39 ਦੇ ਅਖ਼ੀਰ ਵਿਚ ਵੇਖੋ)। [22]ਕਸ਼ੂਰ ਇਸਰਾਏਲ ਅਤੇ ਸੀਰੀਆ ਦੇ ਵਿਚਕਾਰ, ਗਿਲਆਦ ਦੇ ਉੱਤਰ ਵਿਚ ਇਕ ਛੋਟਾ ਜਿਹਾ ਰਾਜ ਸੀ (2 ਸਮੂਏਲ 3:3; 15:8)। ਪਰ ਇਹ ਉਸ ਇਲਾਕੇ ਵਿਚ ਸੀ ਜਿੱਥੇ ਦਾਊਦ ਦੀ ਹਕੂਮਤ ਸੀ। ਦਾਊਦ ਨੂੰ ਆਪਣੇ ਪੁੱਤਰ ਦੇ ਪਿੱਛੇ ਜਾ ਕੇ ਉਸ ਨੂੰ ਵਾਪਸ ਲਿਆਉਣ, ਉਸ ਨੂੰ ਸਜ਼ਾ ਦੇਣ ਜਾਂ ਕੁਝ ਹੋਰ ਕਰਨ ਵਿਚ ਕੁਝ ਰੁਕਾਵਟ ਨਹੀਂ ਸੀ। [23]ਅਗਲੇ ਅਧਿਆਇ ਦੀ ਆਇਤ 1 ਵੇਖੋ (2 ਸਮੂਏਲ 14:1)। [24]ਅਬਸ਼ਾਲੋਮ ਤੀਸਰਾ ਬੇਟਾ ਸੀ, ਪਰ ਕਿਉਂਕਿ ਤੀਜੇ ਜਨਮੇ ਕਿਲਆਬ (2 ਸਮੂਏਲ 3:3) ਜਾਂ ਦਾਨੀਏਲ (1 ਇਤਿਹਾਸ 3:1) ਦਾ ਕਿਤੇ ਹੋਰ ਜ਼ਿਕਰ ਨਹੀਂ ਹੈ, ਜਿਸ ਕਰਕੇ ਬਹੁਤਿਆਂ ਦਾ ਖ਼ਿਆਲ ਹੈ ਕਿ ਉਸ ਨੂੰ ਕੁਝ ਹੋ ਗਿਆ ਹਵੇਗਾ (ਸ਼ਾਇਦ ਪੈਦਾ ਹੁੰਦੇ ਹੀ ਮਰ ਗਿਆ), ਜਿਸ ਕਰਕੇ ਅਬਸ਼ਾਲੋਮ ਬਾਦਸ਼ਾਹ ਦਾ ਸਭ ਤੋਂ ਵੱਡਾ ਜਿੰਦਾ ਬੇਟਾ ਸੀ। [25]ਯੋਆਬ ਅਜਿਹਾ ਕਰਨ ਵਿਚ ਕੁਝ ਜ਼ਿਆਦਾ ਹੀ ਅੱਗੇ ਵੱਧ ਗਿਆ। ਭਾਵੇਂ ਉਰੀਯਾਹ ਦੀ ਮੌਤ ਦਾ ਜ਼ਿੰਮੇਵਾਰ ਉਹ ਦਾਊਦ ਨੂੰ ਮੰਨਦਾ ਸੀ, ਪਰ ਜ਼ਾਹਿਰ ਹੈ ਕਿ ਇਹਦੇ ਨਤੀਜੇ ਦੇ ਆਪਣੇ ਪੱਖ ਵਿਚ ਨਾ ਹੋਣ ਤੇ ਉਹ ਘਬਰਾਇਆ ਹੋਇਆ ਸੀ। 2 ਸਮੂਏਲ 14:22 ਵਿਚ ਉਸ ਨੂੰ ਮਿਲੀ ਰਾਹਤ ਤੇ ਧਿਆਨ ਦਿਓ। [26]ਇਹ ਔਰਤ ਬੈਤਲਹਮ ਤੋਂ ਕੁਝ ਮੀਲ ਦੱਖਣ ਵੱਲ ਤਕੋਆ ਦੇ ਸ਼ਹਿਰ ਦੀ ਰਹਿਣ ਵਾਲੀ ਸੀ (ਆਮੋਸ਼ 1:1)। [27]ਇਹ ਨਾਥਾਨ ਦੀ ਭੇਡ ਦੇ ਲੇਲੇ ਵਾਲੀ ਕਹਾਣੀ ਨਾਲੋਂ ਵੀ ਪੇਚੀਦਾ ਸੀ। ਇਸ ਵਿਚ ਇਕ ਪਾਸੇ ਤਾਂ ਸ਼ਰ੍ਹਾ ਦਾ ਹੁਕਮ ''ਅੱਖ ਦੇ ਬਦਲੇ ਅੱਖ'' ਸੀ, ਪਰ ਦੂਜੇ ਪਾਸੇ ਖ਼ੁਦਾ ਦੀ ਮਰਜ਼ੀ ਦੇ ਜ਼ਮੀਨ ਇਸ ਦੇ ਅਸਲ ਮਾਲਕਾ ਕੋਲ ਰਹੇ। ਔਰਤ ਦੇ ਕਹਿਣ ਤੋਂ ਭਾਵ ਸੀ ਕਿ ਪਰਿਵਾਰ ਦੇ ਬਾਕੀ ਲੋਕਾਂ ਦਾ ਧਿਆਨ ਨਿਆਂ ਕਰਨ ਦੀ ਥਾਂ ਜਾਇਦਾਦ ਹੜਪਣ ਵਿਚ ਸੀ। ਉਹਦੀ ਗੱਲ ਦਾ ਮਤਬਲ ਇਹ ਸੀ ਕਿ ਉਹਦੇ ਪੁੱਤਰ ਦਾ ਜੋ ਉਸ ਦਾ ਇਕਲੌਤਾ ਵਾਰਿਸ ਸੀ ਜਿੰਦਾ ਰਹਿਣਾ ਵਿਰਾਸਤ ਪਾਉਣ ਲਈ ਜ਼ਰੂਰੀ ਸੀ। ਇਸ ਦਾ ਸੰਕੇਤ ਇਹ ਸੀ ਕਿ ਦਾਊਦ ਨੂੰ ਵੀ ਇਸਰਾਏਲ ਦੀ ਗੱਦੀ ਦੇ ਵਾਰਿਸ ਅਬਸ਼ਾਲੋਮ ਨੂੰ ਮਾਫ਼ ਕਰ ਦੇਣਾ ਚਾਹੀਦਾ ਸੀ। 2 ਸਮੂਏਲ 14:14 ਦੇ ਅਖ਼ੀਰ ਵਿਚ ਉਸਦੀ ਗੱਲ ਇਹ ਤਸਦੀਕ ਕਰਦੀ ਹੈ ਕਿ ਖ਼ੁਦਾ ਦਾ ਸੁਭਾਅ ਦਿਆਲੂ ਹੋਣਾ ਹੈ। [28]ਅਬਸ਼ਾਲੋਮ ਦਾਊਦ ਦੇ ਬਦਲਾਂ ਨੂੰ ਸਮਝਦਾ ਸੀ (2 ਸਮੂਏਲ 14:32)। [29]ਅਮਰੀਕਾ ਵਿਚ ਪੇਸ਼ੇਵਰ ਖਿਡਾਰੀ ਜਿਨ੍ਹਾਂ ਨੂੰ ਵਰਤਿਆ ਨਹੀਂ ਜਾਂਦਾ, ਧਮਕੀ ਦਿੰਦੇ ਹਨ, ''ਮੈਨੂੰ ਖਿਡਾਓ ਜਾਂ ਸੌਦਾ ਕਰੋ।'' [30]ਯੋਆਬ ਨੇ ਸੋਚਿਆ ਹੋਵੇਗਾ ਕਿ ਉਸ ਨੇ ਪਹਿਲਾਂ ਵੀ ਆਪਣੀ ਕਿਸਮਤ ਨੂੰ ਧੱਕਾ ਮਾਰ ਦਿੱਤਾ ਸੀ।

[31]ਮੈਂ ਅਜਿਹੇ ਬੱਚਿਆਂ ਨੂੰ ਜਾਣਦਾ ਹਾਂ ਕਿ ਜਿਹੜੇ ਧਿਆਨ ਖਿੱਚਣ ਲਈ ਪੁੱਠੇ ਕੰਮ ਕਰਦੇ ਹਨ, ਤੁਸੀਂ ਵੀ ਜਾਣਦੇ ਹੋਵੋਗੇ। [32]2 ਸਮੂਏਲ 15:6, 12. ਜਦ ਕੋਈ ਦੇਸ਼ ਵਾਸਤੇ ਕੀਤੇ ਗਏ ਦਾਊਦ (''ਹੇਠਾਂ ਸੱਟ ਮਾਰੇ ਬਿਨਾਂ ਟੀਸੀ ਤੇ ਕਿਵੇਂ ਪਹੁੰਚੀਏ'' ਪਾਠ ਵੇਖੋ) ਤਾਂ ਇਹ ਹੈਰਾਨ ਕਰਨ ਵਾਲਾ ਲਗਦਾ ਹੈ ਕਿ ਅਬਸ਼ਾਲੋਮ

ਲਈ ਇਹ ਕਰਨਾ ਮੁੰਮਕਿੰਨ ਸੀ। ਸਿਰਫ਼ ਇਹੀ ਨਿਚੋੜ ਕੱਢਿਆ ਜਾ ਸਕਦਾ ਹੈ ਕਿ ਬਥਸ਼ਬਾ ਨਾਲ ਦਾਊਦ ਦੇ ਸਬੰਧ ਨਾਲ ਉਸ ਦੀ ਪਹਿਲੇ ਵਾਲੀ ਇੱਜ਼ਤ ਨਹੀਂ ਰਹੀ ਸੀ। [33]2 ਸਮੂਏਲ 15:7 ਵਿਚ ''ਚਾਰ ਸਾਲ'' ਹੈ ਪਰ ਹੇਠਾਂ ਟਿੱਪਣੀ ਵਿਚ ''ਚਾਲੀ'' ਲਿਖਿਆ ਗਿਆ ਹੈ। ਕੁਝ ਪੁਰਾਣੇ ਅਨੁਵਾਦਾਂ ਅਤੇ ਜੋਸੇਫ਼ਸ ਦੀ ਕਿਤਾਬ ਵਿਚ ''ਚਾਰ'' ਹੀ ਹੈ। ਸੰਭਵ ਹੈ ਕਿ ਇਹੀ ਸਹੀ ਗਿਣਤੀ ਹੈ (NASV ਅਤੇ NIV ਦੇ ਫ਼ੁਟ ਨੋਟ ਵੇਖੋ) ਪਰ ਕੁਝ ਲੋਕਾਂ ਦਾ ਖ਼ਿਆਲ ਹੈ ਕਿ ਚਾਲੀ ਸਾਲ ਕਿਸੇ ਹੋਰ ਘੱਟਨਾ ਦੀ ਗੱਲ ਹੈ, ਸ਼ਾਇਦ ਸ਼ਾਊਲ ਵੱਲੋਂ ਦਾਊਦ ਨੂੰ ਮਸਹ ਕਰਨ ਦੇ ਚਾਲੀ ਸਾਲ। [34]ਜਿੱਥੋਂ ਤਕ ਲਿਖਤ ਦੱਸਦੀ ਹੈ, ਅਬਸ਼ਾਲੋਮ ਰੱਥਾਂ ਅਤੇ ਘੋੜਿਆਂ ਦੀ ਵਰਤੋਂ ਕਰਨ ਨਾਲ ਸ਼ਾਹਿ ਪਰਿਵਾਰ ਦਾ ਪਹਿਲਾਂ ਬੰਦਾ ਸੀ। ਸਮੂਏਲ ਦੇ ਚੇਤਵਾਨੀ ਦਿੱਤੀ ਸੀ ਕਿ ਅਜਿਹਾ ਹੋਵੇਗਾ (1 ਸਮੂਏਲ 8:11)। [35]2 ਸਮੂਏਲ 18:18. ਸ਼ਾਊਲ ਨੇ ਪਹਿਲਾਂ ਇਹੀ ਕੰਮ ਕੀਤਾ ਸੀ (1 ਸਮੂਏਲ 15:12)। ਸਾਨੂੰ ਪੱਕਾ ਪਤਾ ਨਹੀਂ ਕਿ ''ਬਾਦਸ਼ਾਹੀ ਖੱਡ'' ਕਿੱਥੇ ਸੀ। ਸੰਭਵ ਹੈ ਕਿ ਇਹ ਯਰੂਸ਼ਲਮ ਦੇ ਨੇੜੇ ਹੀ ਸੀ। [36]ਅਬਸ਼ਾਲੋਮ ਨੇ ਕਿਹਾ ਕਿ ਇਸ ਦਾ ਮਕਸਦ ਆਪਣੇ ਨਾਂਅ ਦੀ ਯਾਦਗਾਰ ਕਾਇਮ ਕਰਨਾ ਸੀ। ਪਰ ਕਿਉਂਕਿ ਉਸ ਨੇ ਇਹ ਆਪਣੇ ਜੀਉਂਦੇ ਜੀ ਕੀਤਾ,ਇਸ ਕਰਕੇ ਇਸ ਦਾ ਫ਼ੋਰੀ ਨਤੀਜਾ ਆਪਣੀ ਮਸ਼ਹੂਰੀ ਸੀ। ਇਹ ਗੋਡ ਲੋਣ ਵਾਂਗ ਪੁਰਾਣਾ ਹੋਵੇਗਾ ਵੇਖੋ ਕਿ ਆਇਤ ਕੀ ਕਹਿੰਦੀ ਹੈ, ''ਮੇਰੇ ਕੋਈ ਪੁੱਤਰ ਨਹੀਂ ਹੈ'' (2 ਸਮੂਏਲ 18:18)। ਅਬਸ਼ਾਲੋਮ ਦੇ ਪੁੱਤਰਾਂ ਦਾ ਪਹਿਲਾ ਨਾਂਅ ਆਇਆ ਹੈ (2 ਸਮੂਏਲ 14:27); ਜ਼ਾਹਿਰ ਹੈ ਕਿ ਸਾਰੇ ਦੇ ਸਾਰੇ ਪੈਦਾ ਹੋਣ ਵੇਲੇ ਜਾਂ ਥੋੜੀ ਦੇਰ ਬਾਅਦ ਮਕ ਗਏ। [37]ਦਾਊਦ ਲਈ ਅਬਸ਼ਾਲੋਮ ਦੇ ਘੱਟੋ ਘੱਟ ਕੁਝ ਕੰਮਾਂ ਦੀ ਜਾਣਕਾਰੀ ਨਾ ਹੋਣਾ ਮੁਸ਼ਕਿਲ ਸੀ ... ਪਰ ਫ਼ੇਰ ਵੀ ਦਾਊਦ ਨੇ ਕੁਝ ਨਹੀਂ ਕੀਤਾ। [38]ਹੈਕਲ ਬਣਨ ਤੋਂ ਪਹਿਲਾਂ ਤਕ ''ਉੱਚੀਆਂ ਥਾਵਾਂ'' ਤੇ ਕੁਰਬਾਨੀ ਦੇਣ ਦੀ ਇਜਾਜ਼ਤ ਸੀ। ਅਬਸ਼ਾਲੋਮ ਦਾ ਜਨਮ ਹੈਬਰੋਨ ਵਿਚ ਹੋਇਆ ਸੀ, ਇਸ ਕਰਕੇ ਸੰਭਵ ਹੈ ਕਿ ਉਹਦੇ ਲਈ ਉੱਥੇ ਜਾ ਕੇ ਕੁਰਬਾਨੀ ਦੇਣਾ ਤਕਰ ਸੰਗਤ ਥਾਂ ਲੱਗੀ। [39]ਆਪਣੇ ਅਸਲ ਮਕਸਦਾਂ ਨੂੰ ਲੁਕਾਉਣ ਲਈ ਧਰਮੀ ਦੀ ਓਟ ਲੈਣ ਵਾਲਾ ਅਬਸ਼ਾਲੋਮ ਪਹਿਲਾ ਅਤੇ ਆਖ਼ਰੀ ਆਦਮੀ ਨਹੀਂ ਸੀ। ਹੈਬਰੋਨ ਵਿਚ ਪਹੁੰਚਣ ਦੇ ਬਾਅਦ, ਉਸ ਨੇ ਬਗਾਵਤ ਜ਼ਾਰੀ ਰੱਖੀ (2 ਸਮੂਏਲ 15:12) ਅਤੇ ਉਸ ਦੀ ਸਾਜਿਸ ਬਣਦੀ ਰਹੀ। [40]ਪਹਿਲੇ ਇਕ ਸਫ਼ਰ ਦੇ ਸਬੰਧ ਵਿਚ ਆਪਣੀਆਂ ਖਾਹਿਸ਼ਾਂ ਬਾਰੇ ਅਬਸ਼ਾਲੋਮ ਨੇ ਝੂਠ ਬੋਲਿਆ ਸੀ (2 ਸਮੂਏਲ 13:23–27), ਪਰ ਸ਼ਾਇਦ ਦਾਊਦ ਨੂੰ ਉਹ ਯਾਦ ਨਹੀਂ ਸੀ।

[41]2 ਸਮੂਏਲ 15:10 ਕਹਿੰਦਾ ਹੈ ਕਿ ਇਹ ਹੋਣਾ ਹੀ ਸੀ; ਆਇਤ 13 ਤੋਂ ਸੰਕੇਤ ਮਿਲਦਾ ਹੈ ਕਿ ਇਹ ਹੋਇਆ। 2 ਸਮੂਏਲ 19:10 ਕਹਿੰਦਾ ਹੈ ਕਿ ਅਬਸ਼ਾਲੋਮ ਨੂੰ ਬਾਦਸ਼ਾਹ ਦੇ ਰੂਪ ਵਿਚ ''ਮਸਹ ਕੀਤਾ'' ਗਿਆ, ਸੋ ਤਾਜਪੋਸ਼ੀ ਦਾ ਕੋਈ ਨਾ ਕੋਈ ਸਮਾਰੋਹ ਜ਼ਰੂਰੀ ਸੀ। [42]2 ਸਮੂਏਲ 15:12 ਇੱਥੇ ਪਹਿਲੀ ਵਾਰ ਅਸੀਂ ਅਹੀਥੋਫ਼ਲ ਬਾਰੇ ਪੜ੍ਹਦੇ ਹਾਂ, ਪਰ ਜ਼ਾਹਿਰ ਹੈ ਕਿ ਦਾਊਦ ਬਿਨਾਂ ਕਿਸੇ ਸ਼ਕ ਦੇ ਉਸਦੀ ਸਲਾਹ ਮੰਨਦਾ ਸੀ (ਆਇਤ 31), ਜ਼ਾਹਿਰ ਤੌਰ ਤੇ ਅਹੀਥੋਫ਼ਲ ਬਥਸ਼ਬਾ ਦਾ ਦਾਦਾ ਸੀ (2 ਸਮੂਏਲ 11:3 ਦੇ ਨਾਲ 23:34 ਰੱਖੋ)। ਸ਼ਾਇਦ ਅਹੀਥੋਫ਼ਲ ਨੇ ਬਥਸ਼ਬਾ ਅਤੇ ਊਰਿਯਾਹ ਨਾਲ ਦਾਊਦ ਦੇ ਕੀਤੇ ਦਾ ਬਦਲਾ ਲੈਣ ਦੀ ਸੋਚੀ ਹੋਈ ਸੀ। [43]ਕੁਝ ਲੋਕ ਸ਼ਹਿਰ ਛੱਡਣ ਦੇ ਦਾਊਦ ਦੇ ਫ਼ੈਸਲੇ ਨੂੰ ਇਕ ਸੂਝ ਬੂਝ ਵਾਲੀ ਫ਼ੌਜੀ ਚਾਲ ਮੰਨਦੇ ਹਨ। ਸ਼ਾਇਦ, ਪਰ ਇਹ ਤੱਥ ਰਹਿ ਜਾਂਦਾ ਹੈ ਕਿ ਆਪਣੀ ਜ਼ਿੰਦਗੀ ਵਿਚ ਇੱਥੇ ਹੀ, ਦਾਊਦ ਨੇ ਸਕਾਰਾਤਮਕ ਕੰਮ ਸ਼ੁਰੂ ਕਰਨ ਦੀ ਥਾਂ ਜੋ ਹੋਇਆ ਸੀ ਉਸ ਉੱਤੇ ਪ੍ਰਕ੍ਰਿਆ ਦਿੱਤੀ। [44]ਧਿਆਨ ਦਿਓ ਕਿ ਜਦ ਸ਼ਬਾ ਨੇ ਬਾਅਦ ਵਿਚ ਇਕ ਬਗ਼ਾਵਤ ਵਿਚ ਅਗਵਾਈ ਕੀਤੀ ਅਤੇ ''ਸਾਰੇ ਇਸਰਾਏਲੀ ... ਸ਼ਬਾ ਦੇ ਮਗਰ ਲਗ ਪਏ,'' ਤਾਂ ਦਾਊਦ ਸ਼ਹਿਰ ਤੋਂ ਭੱਜਿਆ ਨਹੀਂ ਸੀ (2 ਸਮੂਏਲ 20:2)। [45]''ਪੂਰਾ ਇਸਰਾਏਲ ਸੁਣੇਗਾ ਕਿ ਤੂੰ ਆਪਣੇ ਆਪ ਨੂੰ ਆਪਣੇ ਪਿਤਾ ਲਈ ਨਫ਼ਰਤਯੋਗ ਬਣਾ ਲਿਆ ਹੈ'' ਸ਼ਬਦਾਂ ਦੇ ਪਿੱਛੇ ਇਹੀ ਵਿਚਾਰ ਹੈ। ਕੁਝ ਲੋਕ ਸੰਭਵ ਹੈ ਕਿ ਡਰਦੇ ਹਨ ਕਿ ਅਬਸ਼ਾਲੋਮ ਆਪਣੇ ਪਿਤਾ ਦੇ ਨਾਲ ਮਿਲ ਗਿਆ, (ਜਿਵੇਂ ਪਹਿਲਾ ਮਿਲਿਆ ਸੀ); ਜਿਵੇਂ ਪਹਿਲਾਂ ਸ਼ਾਜ਼ਿਸ ਵਿਚ ਹਿੱਸਾ ਲੈਣ ਲਈ ਉਸ ਨੂੰ ਸਜ਼ਾ ਦਿੱਤੀ ਗਈ। ਦਾਊਦ ਦੀਆਂ ਸੁਰੀਤਾਂ ਭਾਵ ਰਖੇਲਾਂ ਕੋਲ ਜਾ ਕੇ ਅਬਸ਼ਾਲੋਮ ਨੇ ਵਿਖਾ ਦਿੱਤਾ ਕਿ ਕੋਈ ਸੁਲਾਹ ਨਹੀਂ ਹੋਵੇਗੀ। [46]ਅਬਸ਼ਾਲੋਮ ਦੇ ਕੰਮਾਂ ਲਈ

ਸਿਆਸੀ ਤਰਜੀਹ ਹੋ ਸਕਦੀ ਹੈ, ਪਰ ਜੋ ਕੁਝ ਉਸ ਨੇ ਕੀਤਾ ਉਹ ਸ਼ਰ੍ਹਾ ਦੇ ਖਿਲਾਫ਼ ਸੀ (ਲੇਵੀਆਂ 18:7, 8; 20:11)। [47]ਇਕ ਹੋਰ ਬੇਟੇ ਨੇ ਬਾਅਦ ਵਿਚ ਬਗ਼ਾਵਤ ਕੀਤੀ, ਪਰ ਉਸ ਨੇ ਇਸ ਵਕਤ ਨਹੀਂ ਕੀਤੀ। [48]ਇਸ ਕਿਤਾਬ ਵਿਚ ਅੱਗੇ ''ਖ਼ੁਦਾ ਦੀ ਤਾੜਨਾ ਨੂੰ ਖੁਸ਼ੀ ਨਾਲ ਮੰਨ ਲੈਣਾ'' ਪਾਠ ਵਿਚ ''ਇਫ਼ਰਾਈਮ ਦੇ ਜੰਗਲ'' ਵਾਕ ਅੰਸ਼ ਵੇਖੋ। [49]ਜੋਸੇਫ਼ਸ ਨੇ ਇਕ ਪੈਰਾ ਲਿਖਿਆ ਹੈ ਕਿ ਅਬਸ਼ਾਲੋਮ ਦੇ ਵਾਲ ਕਿਵੇਂ ਟਹਿਣੀਆਂ ਵਿਚ ਫ਼ਸ ਗਏ ਸਨ। [50]ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਜਦ ਉਸ ਦਾ ਸਿਰ ਰੁੱਖ ਦੀ ਦੁਸਾਂਗੜ ਵਿਚ ਫ਼ਸ ਗਿਆ ਤਾਂ ਉਹਦੀ ਮੌਤ ਹੋ ਗਈ ਤਾਂ ਉਸ ਨੇ ਆਪਣੇ ਆਪ ਨੂੰ ਛੁਡਾਉਣ ਦੀ ਕੋਈ ਕੋਸ਼ਿਸ਼ ਨਾ ਕੀਤੀ।

[51]''ਦਿਲ'' (2 ਸਮੂਏਲ 18:14) ਬਾਅਦ ਲਹੂ ਨੂੰ ਪੰਪ ਕਰਨ ਵਾਲੀਆਂ ਮਾਸਪੇਸ਼ੀਆਂ ਨੂੰ ਨਹੀਂ ਬਲਕਿ ਅਬਸ਼ਾਲੋਮ ਦੇ ਜਿਸ਼ਮ ਦੇ ''ਕੇਂਦਰ'' ਨੂੰ ਕਿਹਾ ਗਿਆ ਹੋਵੇਗਾ। ਅਸੀਂ ਪਰੇਸ਼ਾਨ ਆਦਮੀ ਦੇ ਡਿੱਡ ਵਿਚ ਤਲਵਾਰ ਮਾਰੇ ਜਾਣ ਦੀਆਂ ਕਈ ਉਦਾਹਰਣਾ ਵੇਖੀਆਂ ਹਨ। [52]ਤੁਸੀਂ ਕਲਪਨਾ ਕਰੋ ਕਿ ਅਬਸ਼ਾਲੋਮ ਅਤੇ ਦਾਊਦ ਤੁਹਾਡੇ ਦੋਵੇਂ ਪਾਸੇ ਖੜੇ ਹਨ ਅਤੇ ਇਸ ਗੱਲ ਦਾ ਸੰਕੇਤ ਦੋਵੇਂ ਪਾਸੇ ਇਕ ਹੱਥ ਕਰਕੇ ਕਰੋ।